
Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਅਕਤੂਬਰ 2015 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ 352ਵੇਂ 'ਗੁਰੂ ਲਾਧੋ ਰੇ' ਦਿਵਸ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸੱਚਾ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ



ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ 'ਗੁਰੂ ਲਾਧੋ ਰੇ' ਦਿਹਾੜਾ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਪ੍ਰਗਟ ਕਰਨ ਕਰਕੇ ਬੜੇ ਗੌਰਵਮਈ ਅਤੇ ਚਮਤਕਾਰੀ ਇਤਿਹਾਸ ਦੀ ਸਿਰਜਣਾ ਬਣੀ। ਇਸ ਅਦੁੱਤੀ ਸੇਵਾ ਦੇ ਕੌਤਕ ਰਾਹੀਂ ਸਿੱਖ ਇਤਿਹਾਸ ਹੀ ਨਹੀਂ ਸਗੋਂ ਹਿੰਦੁਸਤਾਨ ਦਾ ਇਤਿਹਾਸ ਹੀ ਹੋਰ ਹੁੰਦਾ। ਮੌਜੂਦਾ ਇਤਿਹਾਸ ਦੀ ਸਥਿਤੀ ਉਨ੍ਹਾਂ ਵਲੋਂ ਕੀਤੀਆਂ ਸੇਵਾਵਾਂ ਕਰਕੇ ਜੁੱਗਾਂ ਜੁੱਗਾਂਤਰਾਂ ਤੱਕ ਯਾਦ ਕੀਤੀਆਂ ਜਾਣਗੀਆਂ। ਜੋ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਭਾਈ ਮਨਮੁੱਖ ਦੇ ਪਰਿਵਾਰ ਰਾਹੀਂ ਵਿਰਸੇ ਵਿਚੋਂ ਸ਼ਰਧਾ ਤੇ ਪਿਆਰ ਦੀ ਭਾਵਨਾ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਨੂੰ ਪ੍ਰਾਪਤ ਹੋਈਆਂ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਪਿੰਡ-ਟਾਂਡਾ, ਜ਼ਿਲ੍ਹਾ-ਜੇਹਲਮ ਤੋਂ ਸਨ, ਉਨ੍ਹਾਂ ਦੇ ਪਿਤਾ ਦਾਸੇ ਸ਼ਾਹ, ਮਾਤਾ ਸੋਲਜਈ, ਦਾਦਾ ਜੀ ਅਰਥਾ ਅਤੇ ਪੜਦਾਦਾ ਬਿਨਾਂ ਸਨ। ਆਪ ਜੀ ਨੇ ਸ਼ਰਧਾ ਅਤੇ ਗੁਰੂ ਦੀ ਕ੍ਰਿਪਾ ਨਾਲ ਆਪਣੇ ਵਪਾਰਕ ਕੰਮਾਂ ਵਿਚ ਬਹੁਤ ਵਾਧਾ ਕੀਤਾ ਕਸ਼ਮੀਰ ਤੋਂ ਲੈ ਕੇ ਗੁਜਰਾਤ ਤੱਕ ਵਪਾਰ ਕਰਨ ਦੇ ਨਾਲ-ਨਾਲ ਸਮੁੰਦਰਾਂ ਵਿਚ ਵੱਡੇ ਬੇੜਿਆਂ ਦੇ ਸਮੂਹ ਰਾਹੀਂ ਚੰਗੇ ਧਨਾਢ ਵਜੋਂ ਉਭਰੇ ਸਨ। ਹਰ ਵੇਲੇ ਗੁਰੂ ਨਾਨਕ ਨਾਮ ਲੇਵਾ ਬਣ ਕੇ ਗੁਰੂ ਆਸਰੇ ਦੇ ਵਿਚ ਵਿਚਰਦੇ ਹੋਏ ਸਫਲਤਾ ਪ੍ਰਾਪਤ ਕਰਦੇ ਸਨ। ਇਸ ਤਰ੍ਹਾਂ ਇਕ ਵਾਰ ਜਦੋਂ ਉਨ੍ਹਾਂ ਦੇ ਵਪਾਰਕ ਬੇੜੇ ਨੂੰ ਸਮੁੰਦਰ ਵਿਚ ਫੱਸਣ ਕਰਕੇ ਭਾਰੀ ਨੁਕਸਾਨ ਹੋਣ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੇ ਗੁਰੂ ਘਰ ਨੂੰ ਇਕ ਮਨ ਹੋ ਕੇ ਅਰਦਾਸ ਕੀਤੀ। ਸਮੇਂ ਦੇ ਗੁਰੂ ਸ੍ਰੀ ਤੇਗ ਬਹਾਦੁਰ ਸਾਹਿਬ ਜੀ ਨੇ ਉਨ੍ਹਾਂ ਦੀ ਪੂਰਨ ਸਹਾਇਤਾ ਕੀਤੀ। ਸ਼ਰਧਾ ਤੇ ਪਿਆਰ ਵਜੋਂ ਸੁੱਖੀ ਹੋਈ ਭੇਟਾ ਦੀ ਅਮਾਨਤ ਅਰਪਣ ਕਰਨ ਲਈ ਉਨ੍ਹਾਂ ਨੇ ਸੱਚੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪ੍ਰਗਟ ਕਰਨ ਦਾ ਕੌਤਕ ਕੀਤਾ। ਉਪਰੰਤ ਬਾਈ (22) ਦੰਭੀ ਗੁਰੂਆਂ, ਦੋਖੀਆਂ ਅਤੇ ਦੁੱਸ਼ਟਾਂ ਨੂੰ ਸੋਧਦੇ ਹੋਏ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਗੁਰੂ ਸਾਹਿਬ ਨਾਲ ਅੰਮ੍ਰਿਤਸਰ ਫੇਰੀ ਤੋਂ ਬਾਅਤ ਕੀਰਤਪੁਰ ਹੁੰਦੇ ਹੋਏ ਮਾਖੋਵਾਲ ਪਹੁੰਚ ਕੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਪੰਜ ਸੌ ਮੋਹਰਾਂ ਦੇ ਕੇ ਰਾਜਾ ਭੀਮ ਚੰਦ, ਬਿਲਾਸਪੁਰ ਤੋਂ ਮਾਖੋਵਾਲ ਦਾ ਪੱਟਾ ਗੁਰੂ ਜੀ ਦੇ ਨਾਂ ਕਰ ਦਿੱਤਾ ਜਿਸ ਵਿਚ ਬਾਬਾ ਮੱਖਣ ਸਾਹ ਨੇ ਵੱਡਾ ਯੋਗਦਾਨ ਪਾਇਆ। ਮਾਖੋਵਾਲ ਦੀ ਧਰਤੀ ਨੂੰ ਪਹਿਲਾ ਚੱਕ ਨਾਨਕੀ ਦਾ ਨਾਂ ਦਿੱਤਾ ਗਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਪਹਿਲੀ ਵਾਰ ਪਟਨਾ ਤੋਂ ਅਨੰਦਪੁਰ ਸਾਹਿਬ ਆਏ ਤਾਂ ਉਨ੍ਹਾਂ ਨੇ ਸ਼ਹਿਰ ਵਿਚ ਚਰਨ ਪਾਉਣ ਤੋਂ ਪਹਿਲਾ ਅਨੰਦ ਸਾਹਿਬ ਜੀ ਦੀਆਂ ਪੰਜ ਪੌੜੀਆਂ ਦਾ ਜਾਪ ਕੀਤਾ। ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਬਹੁਤ ਪ੍ਰਸੰਨ ਹੋਏ ਅਤੇ ਚੱਕ ਨਾਨਕੀ ਦਾ ਨਾਮ ਅਨੰਦਪੁਰ ਰੱਖ ਦਿੱਤਾ। ਅਨੰਦਪੁਰ ਸਾਹਿਬ ਸ਼ਹਿਰ ਦੀ ਨੀਂਹ 19 ਜੂਨ 1665 ਈ. ਵਿਚ ਬਾਬਾ ਬੁੱਢਾ ਜੀ ਅੰਸ਼ ਵਿਚੋਂ ਭਾਈ ਗੁਰਦਿੱਤਾ ਜੀ ਤੋਂ ਰਖਵਾਈ ਗਈ ਜੋ ਕਿ ਬਾਬਾ ਬੁੱਢਾ ਜੀ ਦੇ ਪੜਪੋਤਰੇ ਸਨ। ਅਨੰਦਪੁਰ ਸਾਹਿਬ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਮਾਮਾ ਕਿਰਪਾਲ ਸਿੰਘ ਜੀ ਨੇ ਅਗਵਾਈ ਕਰਕੇ ਸੰਗਤਾਂ ਸਮੇਤ ਗੁਰੂ ਨਗਰੀ ਦੀ ਹਰ ਪੱਖੋਂ ਸਮਾਜਿਕ ਤਕਨੀਕੀ ਅਤੇ ਵਪਾਰਕ ਤੌਰ ਤੇ ਉਸਾਰੀ ਕੀਤੀ ਤਾਂ ਜੋ ਇਹ ਪੂਰਨ ਨਿਰਭਰ ਸ਼ਹਿਰ ਸਥਾਪਿਤ ਹੋ ਸਕੇ।

ਇਸ ਉਪਰੰਤ ਬਾਬਾ ਮੱਖਣ ਸ਼ਾਹ ਜੀ ਮਾਤਾ ਨਾਨਕੀ ਅਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਤੋਂ ਨਿਮਰਤਾ ਸਹਿਤ ਆਗਿਆ ਲੈ ਕੇ ਸਿੱਖੀ ਪ੍ਰਚਾਰ ਕਰਦੇ ਹੋਏ ਭਾਵਨਗਰ (ਗੁਜਰਾਤ) ਵਿਖੇ 1674 ਈ. ਨੂੰ ਅਕਾਲ ਚਲਾਨਾ ਕਰ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਮਾਤਾ ਨਾਨਕੀ ਜੀ ਨੇ ਪੁੱਤਰ ਕਹਿ ਕੇ ਨਿਵਾਜਿਆ ਅਤੇ ਗੁਰੂ ਸਾਹਿਬ ਨੇ ਬਾਬਾ ਜੀ ਨੂੰ ਪਾਠ ਸਿਮਰਨ, ਸਤਿਨਾਮ ਦਾ ਜਾਪ ਕਰਨ ਦੇ ਨਾਲ ਆਤਮਿਕ ਸ਼ਾਂਤੀ ਦਾ ਉਪਦੇਸ਼ ਦੇ ਕੇ ਜਨਮ ਮਰਨ ਤੋਂ ਛੁਟਕਾਰਾ ਪਾਉਣ ਦਾ ਰਾਹ ਦੱਸਿਆ। ਬਾਬਾ ਜੀ ਜੀ ਦੀ ਸਿੱਖੀ ਪ੍ਰਤੀ ਘਾਲਣਾ ਹਮੇਸ਼ਾ ਹੀ ਸਿੱਖ ਸੰਗਤਾਂ ਯਾਦ ਕਰਦੀਆਂ ਰਹਿਣਗੀਆਂ। ਇਹ ਸਾਰਾ ਬਾਬਾ ਜੀ ਦੀ ਤਨ, ਮਨ ਤੇ ਧਨ ਨਾਲ ਕੀਤੀ ਹੋਈ ਸਿਰਫ ਤੇ ਸਿਰਫ ਨਿਸ਼ਕਾਮ ਸੇਵਾ ਸੀ। ਅਸੀਂ ਅੱਜ ਦੇ ਯੁੱਗ ਵਿਚ ਸਹੀ ਸੇਧ ਲੈ ਸਕਦੇ ਹਾਂ ਜਿਵੇਂ ਕਿ ਅੱਜਕਲ ਪੰਜਾਬ ਅਤੇ ਦੇਸ਼ ਦੇ ਹਾਲਾਤ ਹਨ ਖਾਸ ਤੌਰ ਤੇ ਸਿੱਖ ਕੌਮ ਦੇ ਵਿਚ ਔਕੜਾਂ ਪੇਸ਼ ਆ ਰਹੀਆਂ ਹਨ ਉਸ ਵਿਚ ਬਾਬਾ ਜੀ ਦੇ ਪੂਰਨਿਆਂ ਤੇ ਚੱਲ ਕੇ ਸੇਧ ਲੈਣੀ ਜ਼ਰੂਰੀ ਹੈ ਤਾਂ ਕਿ ਅਸੀ ਆਪਣੇ ਨਿੱਜੀ ਹਿਤਾਂ ਤੋਂ ਉੱਪਰ ਉੱਠ ਕੇ ਗੁਰੂ ਘਰ ਤੇ ਸਮਾਜ ਸੇਵਾ ਲਈ ਯਤਨਸ਼ੀਲ ਹੋਈਏ। ਮੌਕੇ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੇ ਕੰਮ ਕਰਨ ਕਿ ਆਮ ਜਨਤਾ ਦੀਆਂ ਲੋੜਾਂ ਪੂਰੀਆਂ ਹੋਣ, ਮਰਿਆਦਾ ਭੰਗ ਨਾ ਹੋਵੇ ਅਤੇ ਕਿਸੇ ਦੇ ਦਿਲ ਵਿਚ ਇਹ ਭਾਵਨਾ ਨਾ ਆਉਣ ਦਿੱਤੀ ਜਾਵੇ ਕਿ ਜੋ ਕੁਝ ਹੋ ਰਿਹਾ ਹੈ ਨਿੱਜੀ ਕਾਰਨਾਂ ਅਤੇ ਰਾਜਸੀ ਲਾਹਾ ਲੈਣ ਕਰਕੇ ਹੋ ਰਿਹਾ ਹੈ। ਜੇ ਅਸੀ ਸੱਚੇ ਦਿਲੋਂ ਆਪਣੀ ਅੰਤਰ ਆਤਮਾ ਨਾਲ ਵਿਚਾਰ ਕਰਕੇ ਸੋਚੀਏ, ਅਸੀਂ ਕੀ ਕਰਨਾ ਹੈ ਤਾ ਉੱਘੇ ਕਵੀ ਸੁਰਜੀਤ ਪਾਤਰ ਦੀਆ ਸਤਰਾਂ ਬਿਲਕੁਲ ਠੀਕ ਢੁਕਦੀਆਂ ਹਨ :-

**ਦੂਰ ਅਜੇ ਜੇਕਰ ਸਵੇਰਾ ਹੈ, ਇਸ 'ਚ ਕਾਫੀ ਕਸੂਰ ਮੇਰਾ ਹੈ।**
**ਮੈਂ ਕਿਵੇਂ ਕਾਲੀ ਰਾਤ ਨੂੰ ਕੋਸਾਂ, ਮੇਰੇ ਦਿਲ ਵਿਚ ਜਦ ਹਨੇਰਾ ਹੈ।**

ਸਾਨੂੰ ਸਭ ਨੂੰ ਵੱਡੇ ਵਡੇਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਚਲ ਕੇ ਆਪਣੇ ਆਪ ਦੀ ਪੜਚੋਲ ਕਰਕੇ ਸਮੂਹ ਸਾਧ ਸੰਗਤ ਦੀ ਨਿਸ਼ਕਾਮ ਸੇਵਾ ਵਿਚ ਲੱਗ ਕੇ ਸਮਾਜਿਕ ਕਦਰਾਂ ਕੀਮਤਾਂ ਨੂੰ ਸੁਚਾਰੂ ਤਰੀਕੇ ਨਾਲ ਉਭਾਰਣ ਦੀ ਲੋੜ ਹੈ। ਜੇਕਰ ਅਸੀ ਇਸ ਤਰ੍ਹਾਂ ਕਰਕੇ ਅਮਲੀ ਰੂਪ ਦਈਏ ਤਾਂ ਹੀ"ਗੁਰੂ ਲਾਧੋ ਰੇ ਦਿਵਸ ਮਨਾਉਣ ਦਾ ਸੱਚਾ-ਸੁੱਚਾ ਮੰਤਵ ਪਾ ਸਕਦੇ ਹਾਂ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
**S. Gurcharan Singh**
**117, Sector-35-A, Chandigarh**
**M.: 98140-17067**

**Addl. Chief Editor**
**Major Narinder Singh Jallo (Retd.)**

**Editor**
**S. Bhagwan Singh Lubana**
**Dy. Chief Engineer (Retd.)**
**187, Hardyal Nagar, Garha Road, Jalandhar**
**E-mail:lubanabs@yahoo.co.in**
**M.: 98155-40240**

**Advisors**
**S. Manjit Singh S.E. (Retd.) Jalandhar**
**Dr. Davinder Singh, Mukerian**
**Er. Harbir Singh Multani Jalandhar**

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

**ਮੁੱਖ ਸੰਪਾਦਕ, ਲੁਬਾਣਾ ਸੇਵਕ**
**ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340**
**e-mail:lobanafoundation@gmail.com**

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਬਾਨੀ ਸੰਪਾਦਕ**
**ਸਵ. ਮੇਜਰ ਸ਼ਰਮ ਸਿੰਘ ਝਹੂਰਾ**


## ਤਤਕਰਾ


ਜਿਲਦ ਨੰ. 41 | ਅੰਕ - 44 | ਅਕਤੂਬਰ - 2015



| | | |
|---|---|---|
| 1. | ਜੋਗ ਜੁਗਤਿ ਜੋਗੀਸਰੁ ਜੋਗੀ – ਗੁਰੂ ਰਾਮਦਾਸ ਜੀ | 5 |
| 2. | ਗੁਰ ਸਾਗਰ ਦੇ ਸੁੱਚੇ ਮੋਤੀ | 7 |
| 3. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ) ਦੀਆਂ ਗਤੀਵਿਧੀਆਂ | 11 |
| 4. | ਇਹ ਸਰਹੱਦਾਂ ਕਿਨ੍ਹਾਂ ਲਈ ਹਨ? | 13 |
| 5. | ਅਕਤੂਬਰ ਵਿਚ ਪਰਾਲੀ ਨੂੰ ਫਿਰ ਅੱਗਾਂ ਲੱਗਣਗੀਆਂ ਤੇ ਪੰਜਾਬ... | 17 |
| 6. | ਪੰਜਾਬ ਵਿਚ ਵਧ ਰਹੀ ਅਪਰਾਧਾਂ ਲਈ ਜ਼ਿੰਮੇਵਾਰ ਕੌਣ? | 18 |
| 7. | ਸਫ਼ਰ ਮੁੰਨੇ ਦਾ | 19 |
| 8. | 352ਵਾਂ 'ਗੁਰੂ ਲਾਧੋ ਰੇ' ਦਿਵਸ ਅੰਮ੍ਰਿਤਸਰ ਵਿਖੇ ਮਨਾਇਆ | 21 |
| 9. | ਖੁਦਕਸ਼ੀਆਂ ਦੇ ਰਾਹ ਲਈ ਮਨੁੱਖਤਾ | 22 |
| 10. | ਜਵਾਨੀ ਹੋਈ ਮਸਤਾਨੀ ਭੁੱਲੀ ਫਰਜ਼ਾਂ ਨੂੰ | 23 |
| 11. | ਸ਼ਾਂਤੀ ਦੀ ਸਿੱਖਿਆ – ਸਮੇਂ ਦੀ ਲੋੜ | 25 |
| 12. | ਕਾਵਿ-ਕਿਆਰੀ | 26 |
| 13. | ਆਓ ਹੱਸੀਏ | 28 |
| 14. | ਸਿਹਤ ਸੰਭਾਲ | 29 |
| 15. | ਭਵਨ ਦੇ ਮੈਂਬਰਾਂ ਦੀ ਲਿਸਟ | 30 |
| 14. | 352ਵੇਂ 'ਗੁਰੂ ਲਾਧੋ ਰੇ' ਦਿਵਸ ਤੇ ਦਾਨੀ ਸੱਜਣਾਂ ਦੀ ਸੂਚੀ | 31 |
| 15. | ਦਾਨੀ ਸੱਜਣਾਂ ਦੀ ਸੂਚੀ | 36 |




**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਗਤੀਵਿਧੀਆਂ**


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਜੋਗ ਜੁਗਤਿ ਜੋਗੀਸਰੁ ਜੋਗੀ - ਗੁਰੂ ਰਾਮਦਾਸ ਜੀ

ਡਾ. ਕੁਲਦੀਪ ਸਿੰਘ ਹਉਰਾ

ਨਿਮਰਤਾ, ਗਰੀਬੀ, ਸਾਦਗੀ ਤੇ ਸੁਹਿਰਦਤਾ ਦੇ ਪ੍ਰਤੀਕ ਸਨ ਰਾਜ ਜੋਗੀ ਸ੍ਰੀ ਗੁਰੂ ਰਾਮਦਾਸ ਜੀ। ਆਪ ਦੀ ਬਾਣੀ ਵਿਚ ਰੂਹਾਨੀ ਪਿਆਰ ਤੇ ਬਿਹਬਲਤਾ ਠਾਠਾਂ ਮਾਰਦੀ ਦਿੱਸਦੀ ਹੈ। ਪਰਮਾਤਮਾ ਸੰਬੰਧੀ ਬ੍ਰਿਹੋਂ ਦੇ ਗੀਤ, ਉਮਾਹ ਦੇ ਛੰਦ ਤੇ ਪ੍ਰੇਮ ਦੀਆਂ ਧੁਨਾਂ ਉਨ੍ਹਾਂ ਦੀ ਪਵਿੱਤਰ ਬਾਣੀ ਵਿਚੋਂ ਸੁਣੀਆਂ ਜਾ ਸਕਦੀਆਂ ਹਨ।

ਆਪ ਨੇ ਬਚਪਨ ਦਾ ਬਹੁਤਾ ਸਮਾਂ ਨਾਨਕੇ-ਘਰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਿਤਾਇਆ। ਨਾਨਕੇ ਘਰ ਵਿਚ ਗਰੀਬੀ ਹੋਣ ਕਰਕੇ, ਛੋਟੀ ਉਮਰ ਵਿਚ ਹੀ ਕੰਮ-ਕਾਰ ਵਿਚ ਲੱਗਣਾ ਪਿਆ। ਉਹ ਛੋਲੇ ਉਬਾਲ ਕੇ ਵੇਚਿਆ ਕਰਦੇ ਸਨ, ਜਿਸ ਨਾਲ ਨਿਰਬਾਹ ਹੁੰਦਾ ਸੀ। ਉਹ ਗੰਭੀਰ, ਸ਼ੀਲ ਸੁਭਾਅ ਵਾਲੇ, ਨਿਰਮਾਣ ਤੇ ਗੁਣਵਾਨ ਸਨ। ਘਰ ਵਿਚ ਵੱਡੇ ਪੁੱਤਰ ਹੋਣ ਕਰਕੇ ਰਿਵਾਜ ਮੁਤਾਬਿਕ ਆਪ ਨੂੰ 'ਜੇਠਾ' ਕਿਹਾ ਜਾਂਦਾ ਸੀ।



ਮੈਕਲਿਫ ਨੇ ਲਿਖਿਆ ਹੈ, 'ਗੋਇੰਦਵਾਲ ਜਾ ਰਹੀ ਇਕ ਸੰਗਤ ਦੇ ਨਾਲ ਜੇਠਾ ਸੀ, ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦਾ ਚਾਅ ਦਿਲ ਵਿਚ ਲਈ ਬਾਸਰਕੇ ਤੋਂ ਗੋਇੰਦਵਾਲ ਜਾ ਪਹੁੰਚੇ। ਗੋਇੰਦਵਾਲ ਪਹੁੰਚ ਕੇ ਦਿਨੇ ਘੁੰਙਣੀਆਂ ਵੇਚਣੀਆਂ ਤੇ ਸਵੇਰੇ-ਸ਼ਾਮ ਕਥਾ-ਕੀਰਤਨ ਸੁਣਨਾ ਤੇ ਸੇਵਾ ਕਰਨੀ, ਉਨ੍ਹਾਂ ਦਾ ਨਿੱਤ ਕਰਮ ਹੋ ਗਿਆ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ ਕਿ ਗੋਇੰਦਵਾਲ ਦੀਆਂ ਗਲੀਆਂ ਵਿਚ ਫਿਰ ਕੇ ਘੁੰਙਣੀਆਂ ਵੇਚਣ ਵਾਲੇ ਇਸ ਗੱਭਰੂ ਦੇ ਨਾਂ 'ਤੇ ਅਟੁੱਟ ਲੰਗਰ ਚੱਲਣਗੇ, ਸਰਾਵਾਂ ਤੇ ਹਸਪਤਾਲ ਬਣਨਗੇ, ਸਕੂਲ ਤੇ ਕਾਲਜ ਖੁਲ੍ਹਣਗੇ! ਭਾਈ ਜੇਠਾ ਜੀ ਦੀ ਸੇਵਾ, ਸੁਭਾਅ ਤੇ ਸਾਊਪੁਣੇ ਨੂੰ ਵੇਖ ਕੇ, ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ। ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਦੋਵੇਂ ਪਤੀ-ਪਤਨੀ ਸਦਾ ਬਜ਼ੁਰਗ ਪਿਤਾ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਜੁਟੇ ਰਹਿੰਦੇ।

ਸਮਾਂ ਬੀਤਦਾ ਗਿਆ। ਗੁਰੂ ਅਮਰਦਾਸ ਜੀ ਨੇ ਗੁਰਿਆਈ ਲਈ ਯੋਗ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ। ਪ੍ਰੀਖਿਆ ਆਰੰਭ ਹੋ ਗਈ। ਭਾਈ ਜੇਠਾ ਜੀ ਨੇ ਸੇਵਾ ਤੇ ਨਿਮਰਤਾ ਉਸੇ ਤਰ੍ਹਾਂ ਜਾਰੀ ਰੱਖੀ। ਗੁਰੂ ਅਮਰਦਾਸ ਜੀ ਦੇ ਜਵਾਈ ਹੋਣ ਦਾ ਮਾਣ ਆਪ ਦੇ ਹਿਰਦੇ 'ਚ ਕਦੇ ਨਾ ਆਇਆ। ਅੰਤ ਹਰ ਪ੍ਰਕਾਰਦ ੀਪ ੍ਰੀਖਿਆਪ ਾਸਕ ਰਕੇਭ ਾਈਜ ੇਠਾਜ ੀ,ਗ_ਰੂ-ਗੱਦੀਦ ੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਐਲਾਨੇ ਗਏ।

ਆਪ ਗੁਰੂ ਰਾਮਦਾਸ ਜੀ ਬਣ ਕੇ, ਗੁਰੂ ਨਾਨਕ ਸਾਹਿਬ ਦੀ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ 1574 ਤੋਂ 1581 ਤੱਕ 7 ਸਾਲ ਗੁਰ-ਗੱਦੀ ਤੇ ਸ਼ਸ਼ੋਭਤ ਰਹੇ। ਇਸ ਸਮੇਂ ਵਿਚ ਸਿੱਖ ਧਰਮ ਦਾ ਪ੍ਰਚਾਰ ਹੋਰ ਵਧਿਆ ਤੇ ਸਿੱਖ-ਜਥੇਬੰਦੀ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਹੋਈ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਇਕ ਸੰਤੁਲਿਤ ਸਿੱਖ-ਸਮਾਜ ਦੀ ਉਸਾਰੀ ਲਈ ਪੂਰੀ ਤਨਦੇਹੀ ਨਾਲ ਘਾਲਣਾ ਘਾਲੀ। ਇਸ ਸਮਾਜ ਵਿਚ ਵਾਧੂ ਤੇ ਫਜ਼ੂਲ ਰਸਮਾਂ-ਰੀਤਾਂ, ਵਹਿਮਾਂ-ਭਰਮਾਂ, ਪਾਖੰਡਾਂ ਤੇ ਕਰਮ-ਕਾਂਡਾਂ ਲਈ ਕੋਈ ਥਾਂ ਨਹੀਂ ਸੀ। ਆਪ ਨੇ ਮਨੁੱਖੀ ਮਾਨਸਿਕ ਸ਼ਕਤੀਆਂ ਨੂੰ ਅਗਿਆਨਤਾ ਦੇ ਬੰਧਨਾਂ ਤੋਂ ਮੁਕਤ ਕੀਤਾ ਤਾਂਕਿ ਉਨ੍ਹਾਂ ਸ਼ਕਤੀਆਂ ਦੀ ਠੀਕ ਵਰਤੋਂ ਹੋ ਸਕੇ। ਆਪ ਜੀ ਨੇ ਇਕ ਬੜਾ ਮਹੱਤਵਪੂਰਨ ਕਾਰਜ ਰਾਮਦਾਸਪੁਰ ਅਥਵਾ ਅੰਮ੍ਰਿਤਸਰ ਦੀ ਨੀਂਹ ਰੱਖ ਕੇ ਕੀਤਾ। 1577 ਵਿਚ ਆਪ ਨੇ ਸੰਤੋਖਸਰ ਤੇ ਅੰਮ੍ਰਿਤਸਰ ਸਰੋਵਰਾਂ ਦੀ ਖੁਦਾਈ ਦਾ ਕਾਰਜ ਸ਼ੁਰੂ ਕਰਾਇਆ। ਆਪ ਉਥੇ ਹੀ ਰਹਿਣ ਲੱਗ ਪਏ। ਆਪ ਜੀ ਦੇ ਕਈ ਸ਼ਰਧਾਲੂ ਵੀ ਇਥੇ ਹੀ ਆ ਵਸੇ। ਪਹਿਲਾਂ ਇਸ ਥਾਂ ਦਾ ਨਾਂ 'ਚੱਕ ਗੁਰੂ' ਫੇਰ 'ਰਾਮਦਾਸ ਪੁਰਾ' ਪੈ ਗਿਆ। ਗੁਰੂ ਸਾਹਿਬ ਨੇ ਇਸ ਨਗਰ ਨੂੰ ਹਰ ਪੱਖੋਂ ਮੁਕੰਮਲ ਕਰਾਉਣ ਲਈ ਇਥੇ 52 ਕਿੱਤਿਆਂ ਦੇ ਕਾਰੀਗਰਾਂ ਨੂੰ ਲਿਆ ਕੇ ਵਸਾਇਆ। ਜੋ ਜਗ੍ਹਾ ਸਭ ਤੋਂ ਪਹਿਲਾਂ ਆਬਾਦ ਹੋਈ, ਉਸ ਦਾ ਨਾਂ 'ਗੁਰੂ ਬਜ਼ਾਰ' ਹੈ।

ਅੰਮ੍ਰਿਤਸਰ ਦੀ ਆਰਥਿਕ, ਉਨਤੀ ਲਈ ਗੁਰੂ ਸਾਹਿਬ ਦੇ ਕੀਤੇ ਯਤਨਾਂ ਦੇ ਸਿੱਟੇ ਵਜੋਂ ਇਹ ਸ਼ਹਿਰ ਵਪਾਰ ਦਾ ਕੇਂਦਰ ਬਣ ਗਿਆ। ਇਸ ਸ਼ਹਿਰ ਨੂੰ ਸਰਬ-ਸਾਂਝਾ ਸ਼ਹਿਰ ਬਣਾਉਣ ਵਾਸਤੇ ਆਪ ਨੇ ਹਰ ਧਰਮ, ਫਿਰਕੇ ਅਤੇ ਕਿੱਤੇ ਵਾਲੇ ਲੋਕਾਂ ਨੂੰ ਇਥੇ ਵੱਸਣ ਵਾਸਤੇ ਉਤਸ਼ਾਹਤ ਕੀਤਾ ਤੇ ਸਹੂਲਤਾਂ ਦਿੱਤੀਆਂ.

ਗੁਰੂ ਰਾਮਦਾਸ ਜੀ ਵਿੱਦਿਆ, ਕਲਾ, ਕਵਿਤਾ, ਸੰਗੀਤ ਤੇ ਸ਼ਿਲਪ ਦੇ

ਪ੍ਰੇਮੀ ਅਤੇ ਨਿਮਰਤਾ, ਦਇਆ, ਪ੍ਰੇਮ, ਉਦਾਰਤਾ ਦੇ ਪ੍ਰਤੀਕ, ਮਿੱਠ ਬੋਲੜੇ ਸੱਜਣ ਸਨ। ਭਾਈ ਗੁਰਦਾਸ ਜੀ ਨੇ ਆਪ ਬਾਰੇ ਲਿਖਿਆ ਹੈ :

**'ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।'** (੨੪/੧੫)

ਭਾਵ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰਦਾਸ ਸਾਹਿਬ ਵਰਗਾ ਹੀ ਸਰੂਪ ਗੁਰੂ ਰਾਮਦਾਸ ਜੀ ਦਾ ਹੈ। ਭਾਈ ਗੁਰਦਾਸ ਜੀ ਆਪ ਨੂੰ 'ਦੀਨ ਦੁਨੀ ਦਾ ਥੰਮ' ਕਹਿ ਕੇ ਵਡਿਆਉਂਦੇ ਲਿਖਦੇ ਹਨ :

**'ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ।'**

(੨੪/੧੫)

ਭਾਈ ਸਾਹਿਬ ਨੇ ਆਪ ਬਾਰੇ ਇਹ ਵੀ ਲਿਖਿਆ ਹੈ :

**ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ।**

**...ਜੋਗ ਜੁਗਤਿ ਜੋਗੀਸਰੁ ਜੋਗੀ।** (੨੪/੧੬)

ਗੁਰੂ ਰਾਮਦਾਸ ਜੀ ਆਸਾ ਵਿਚ ਨਿਰਾਸ ਤੇ ਗ੍ਰਿਹਸਤ ਵਿਚ ਵਿਚਰਦੇ ਹੋਏ ਵੀ ਜੋਗੀ ਸਨ। ਭਾਈ ਨੰਦ ਲਾਲ ਜੀ ਨੇ ਆਪਣੀ ਪੁਸਤਕ 'ਤੌਸੀਫੋ ਸਨਾ' ਵਿਚ ਆਪ ਬਾਰੇ ਬੜਾ ਖ਼ੂਬਸੂਰਤ ਲਿਖਿਆ ਹੈ :

'ਗੁਰੂ ਰਾਮਦਾਸ ਆਂ ਮਤਾਅ ਉਲ ਵਰਾ। ਜਹਾਂ ਬਾਨਿ ਇਕਲੀਮ ਸਿਦਕੋ ਸਫ਼ਾ।' ਭਾਵ ਕਿ ਗੁਰੂ ਰਾਮਦਾਸ ਜੀ ਖਲਕਤ ਦੇ ਸਿਰਤਾਜ ਤੇ ਸਿਦਕ ਅਤੇ ਪਵਿੱਤਰਤਾ ਦੇ ਬਾਦਸ਼ਾਹ ਹੈਨ।

ਨਲ ਭੱਟ ਦਾ ਆਪ ਬਾਰੇ ਕਥਨ ਹੈ :

**'ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥'**

(ਪੰਨਾ ੧੩੯੯)

ਮਥਰਾ ਭੱਟ ਗੁਰੂ ਸਾਹਿਬ ਦੀ ਉਸਤਤਿ ਕਰਦਾ ਹੋਇਆ ਕਹਿੰਦਾ ਹੈ :

**ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥**

(ਪੰਨਾ੧੪੦੬)

ਇਕ ਹੋਰ ਜਗ੍ਹਾ ਉਸ ਦਾ ਕਥਨ ਹੈ :

**ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥**

(ਪੰਨਾ ੧੪੦੯)

ਕੀਰਤ ਭੱਟ ਅਰਜੋਈ ਕਰਦਾ ਕਹਿੰਦਾ ਹੈ :

**...ਗੁਰ ਰਾਮਦਾਸ ਰਾਖਹੁ ਸਰਣਾਈ॥**

(ਪੰਨਾ ੧੪੦੬)

ਐਸੇ ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਦਰਿਆ ਬਿਆਸ ਦੀ ਰਮਣੀਕ, ਇਕਾਂਤ ਵਿਚ ਗੁਜਾਰਿਆ ਸੀ। ਇਸ ਲਈ ਆਪ ਦਾ ਹਿਰਦਾ ਬੜਾ ਕੋਮਲ, ਬੋਲ ਬੜੇ ਮਿੱਠੇ ਤੇ ਸ਼ਖ਼ਸ਼ੀਅਤ ਬੜੀ ਪ੍ਰਭਾਵਸ਼ਾਲੀ ਸੀ। ਆਪ ਚਿੱਤ ਦੇ ਇਤਨੇ ਭਾਵੁਕ ਸਨ ਕਿ ਜਦੋਂ ਭਰੇ ਦਰਬਾਰ ਵਿਚ ਗੁਰੂ ਅਮਰਦਾਸ ਜੀ ਨੇ ਆਪ ਨੂੰ ਗੁਰ-ਗੱਦੀ 'ਤੇ ਸ਼ੁਸ਼ੋਭਤ ਕੀਤਾ ਤਾਂ ਆਪ ਨੇ ਸਭ ਤੋਂ ਪਹਿਲਾਂ ਉਨ੍ਹਾਂ ਅੱਗੇ ਮੱਥਾ ਟੇਕਿਆ ਤਾਂ ਆਪ ਜੀ ਨੇ ਵੈਰਾਗ ਵਿਚ ਆ ਕੇ ਜੋ ਬਚਨ ਉਚਾਰੇ, ਉਹ ਦਿਲਾਂ ਵਿਚ ਧੂਹ ਪਾਉਣ ਵਾਲੇ ਹਨ :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥** (ਪੰਨਾ ੧੬੭)

ਆਪ ਜੀ ਦੀ ਬਾਣੀ ਕੇਵਲ ਸਹਜ ਸੁਆਦ ਹੀ ਨਹੀਂ ਦੇਂਦੀ, ਸਗੋਂ ਜੀਵਨ ਦੇ ਡੂੰਘੇ ਮਰਮ ਵੀ ਸਮਝਾਉਂਦੀ ਹੈ। ਆਪ ਜੀ ਦੀ ਬਾਣੀ ਆਪ ਮੁਹਾਰੇ ਵਗਦੇ ਸੀਤਲ ਜਲ ਦੇ ਚਸ਼ਮੇ ਵਾਂਗ ਹੈ, ਜਿਸ ਨੂੰ ਸਮਝਿਆ ਤੇ ਮਾਣਿਆ ਅੰਦਰ ਠੰਡ ਪੈਂਦੀ ਹੈ, ਅੰਮ੍ਰਿਤ ਝਰਦਾ ਹੈ, ਸ਼ਾਂਤੀ ਆਉਂਦੀ ਹੈ, ਅਸ਼ਾਂਤੀ ਦੂਰ ਹੁੰਦੀ ਹੈ।

ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਦੇ ਵੱਡਾ ਭਾਗ ਹੈ। ਉਸ ਦੀ ਪੱਧਰ, ਰੂਪ, ਰਸ ਤੇ ਵੰਨਗੀ ਦੀ ਆਪਣੀ ਹੀ ਵਿਸ਼ੇਸ਼ਤਾ ਹੈ। ਵਿਛੋੜਾ, ਵੈਰਾਗ ਤੇ ਪਿਆਰ ਆਪ ਦੀ ਬਾਣੀ ਦੇ ਮੁੱਖ ਵਿਸ਼ੇ ਹਨ, ਜਿਵੇਂ ਕਿ - ਮੈਂ ਨੀਰ ਵਹੇ ਵਹਿ ਚਲੈ ਜੀਉ, ਹਰਿ ਅੰਮ੍ਰਿਤ ਭਿੰਨੇ ਲੋਇਣਾ, ਮੇਰਾ ਮਨੁ ਤਨੁ ਵਿਧਾ, ਅਣੀਆਲੇ ਅਣੀਆ ਰਾਮ ਰਾਜੇ, ਗੁਰਮੁਖਿ ਰੰਗਿ ਚਲੂਲਿਆ, ਜਨ ਨਾਨਕ ਮੁਸਕਿ ਝਕੋਲਿਆ, ਗੁਰ ਅੰਮ੍ਰਿਤ ਭਿੰਨੀ ਦੇਹੁਰੀ, ਅੰਮ੍ਰਿਤ ਬੁਰਕੇ ਰਾਮ ਰਾਜੇ, ਮੈ ਚਿਰੀ ਵਿਛੁੰਨੇ ਰਾਮ ਰਾਜੇ, ਹਰਿ ਸਜਣੁ ਲਧਾ ਰਾਮ ਰਾਜੇ ਦਾ ਆਪਣਾ ਹੀ ਅਨੋਖਾ ਤੇ ਅਨੂਠਾ ਸੁਆਦ ਹੈ ਜੋ ਕੇਵਲ ਮਾਣਿਆ ਤੇ ਅਨੁਭਵ ਹੀ ਕੀਤਾ ਜਾ ਸਕਦਾ ਹੈ।

ਆਪ ਨੇ ਅਪਾਰ ਕੋਮਲਤਾ, ਸੂਖਮਤਾ ਤੇ ਸੁਚੱਜਤਾ ਨਾਲ ਰਾਗ ਤੇ ਕਵਿਤਾ ਦਾ ਸੰਬੰਧ ਜੋੜਿਆ ਹੈ। ਆਪ ਦੀ ਸਮੁੱਚੀ ਬਾਣੀ ਆਪ ਦੇ ਜੀਵਨ ਵਾਂਗ ਹੀ ਰੱਬੀ ਪ੍ਰੀਤ ਦੇ ਰੰਗ 'ਚ ਰੰਗੀ ਹੋਈ ਹੈ। ਕਿੰਨੀ ਸਿੱਕ ਤੇ ਬਿਹਬਲਤਾ ਹੈ ਗੁਰ-ਮਿਲਾਪ ਲਈ, ਹੇਠਲੀਆਂ ਤੁਕਾਂ ਪੜ੍ਹਿਆਂ ਹੀ ਇਸ ਦਾ ਅਨੁਭਵ ਹੋ ਸਕਦਾ ਹੈ!

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ**
**ਹਉ ਤਿਸੁ ਪਹਿ ਆਪੁ ਵੇਚਾਈ॥**
**ਦਰਸਨੁ ਹਰਿ ਦੇਖਣ ਕੈ ਤਾਈ॥**
**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥**

(ਪੰਨਾ ੭੫੭)

ਡਾ. ਹਰੀ ਰਾਮ ਗੁਪਤਾ ਲਿਖਦੇ ਹਨ - ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਪਵਿੱਤਰ ਸਰੋਵਰ ਦੇ ਕੇ ਉਨ੍ਹਾਂ ਨੂੰ ਖਾਸ ਤੌਰ 'ਤੇ ਸੰਗਠਿਤ ਕੀਤਾ।


ਅੰਮ੍ਰਿਤਸਰ ਸਰੋਵਰ ਤੇ ਹਰਿਮੰਦਰ ਸਾਹਿਬ ਸਿੱਖਾਂ ਦੀ ਜਿੰਦ-ਜਾਨ ਹੈਨ, ਦੇਹ-ਪ੍ਰਾਣ ਹੈਨ। ਇਨ੍ਹਾਂ ਤੋਂ ਵਿਛੜ ਕੇ ਅਸੀਂ ਮਰ ਜਾਂਦੇ ਹਾਂ। ਜਦੋਂ ਇਨ੍ਹਾਂ ਨਾਲ ਜੁੜੇ ਰਹਿੰਦੇ ਹਾਂ, ਇਨ੍ਹਾਂ ਦੀ ਸੇਵਾ-ਸੰਭਾਲ 'ਚ ਜੁਟੇ ਰਹਿੰਦੇ ਹਾਂ ਤਾਂ ਜਿਉ ਪੈਂਦੇ ਹਾਂ, ਚੜ੍ਹਦੀਆਂ ਕਲਾਂ ਵਿਚ ਰਹਿੰਦੇ ਹਾਂ। ਰਾਜ ਕਰਦੇ ਹਾਂ। ਇਸੇ ਲਈ ਕਰੋੜਾਂ ਸਿੱਖ ਹਰ ਰੋਜ਼ ਅਰਦਾਸ ਕਰਦੇ ਹਨ: 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਉਦੋਂ ਵੀ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਸਨ। ਜ਼ਾਲਮਾਂ ਪਾਸ ਸਿੰਘਾਂ ਨੂੰ ਮਾਰਨ ਤੇ ਜ਼ਲੀਲ ਕਰਨ ਦਾ ਇਕੋ ਹੀ ਹਥਿਆਰ ਸੀ, ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਤੋਂ ਵਾਂਝਿਆਂ ਕਰਨਾ।

ਆਓ! ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਪ੍ਰਕਾਸ਼ ਦਿਵਸ 'ਤੇ ਪ੍ਰਣ ਲਈਏ ਕਿ ਅਸੀਂ ਗੁਰਬਾਣੀ ਦੁਆਰਾ ਸ੍ਰੀ ਅੰਮ੍ਰਿਤਸਰ ਜੀ ਨਾਲ ਜੁੜੇ ਰਹਾਂਗੇ।

ਕਿਸ਼ਤ-20

# ਗੁਰ ਸਾਗਰ ਦੇ ਸੁੱਚੇ ਮੋਤੀ



**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ ’ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ ’ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

## ਮੱਖਣ ਸ਼ਾਹ ਦਾ ਮਸੰਦ ਨੂੰ ਦੰਡ

ਧੀਰ ਮੱਲ ਨੇ ਜਦੋਂ ਆਪਣੇ ਉੱਤੇ, ਬਹੁਤ ਸਾਰੇ ਮਨੁੱਖਾਂ ਦਾ ਗੁੱਸੇ ਨਾਲ ਚੜ੍ਹਕੇ ਆਉਣਾ ਵੇਖਿਆ ਤਾਂ ਉਸਦਾ ਧੀਰਜ ਤੇ ਬਲ ਖਤਮ ਹੋ ਗਿਆ। ਧੀਰ ਮੱਲ ਨੇ ਆਪਣੇ ਮਸੰਦ ਨੂੰ ਤੇ ਜਿਤਨੇ ਉਸਦੇ ਸ਼ਸਤਰਧਾਰੀ ਸੂਰਮੇ ਸਨ, ਸਾਰਿਆਂ ਨੂੰ ਇਕੱਠੇ ਕਰਕੇ ਕਿਹਾ ਕਿ ਮੱਖਣ ਸ਼ਾਹ ਫੌਜ ਲੈ ਕੇ ਆ ਰਿਹਾ ਹੈ। ਮੱਖਣ ਸ਼ਾਹ ਦੇ ਨਾਲ ਬਹੁਤ ਸਾਰੇ ਸੂਰਮਿਆਂ ਦਾ ਇਕੱਠ ਹੈ। ਸਾਡੇ ਬੰਦੇ ਥੋੜ੍ਹੇ ਹਨ, ਫਿਰ ਉਨ੍ਹਾਂ ਦੇ ਪੈਰ ਨਹੀਂ। ਸਾਡੇ ਪਾਸ ਨਾ ਕੋਈ ਕਿਲ੍ਹਾ ਹੈ, ਨਾ ਹੀ ਇਹ ਸਾਡਾ ਪਿੰਡ ਹੈ। ਨਾ ਹੀ ਆਪਣਾ ਇੱਥੇ ਘਰ ਹੈ। ਨਾ ਹੀ ਕੋਈ ਇੱਥੇ ਮਿੱਤਰ ਹੈ। ਜੇਕਰ ਲੜਾਈ ਪੈ ਗਈ ਤਾਂ ਬਹੁਤ ਗੱਲ ਵਿਗੜ ਜਾਵੇਗੀ। ਸਾਡੇ ਸੂਰਮੇ ਜਾਂ ਮਰ ਜਾਣਗੇ ਜਾਂ ਨੱਸ ਜਾਣਗੇ। ਆਪਣੇ ਮਸੰਦ ਸ਼ੀਹੇ ਨੂੰ ਕਹਿਣ ਲੱਗਾ ਕਿ ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ? ਨਾ ਲੜਾਈ ਕਰ ਸਕਦੇ ਹਾਂ, ਨਾ ਨੱਠਣਾ ਹੀ ਬਣਦਾ ਹੈ। ਸਾਡਾ ਸਾਮਾਨ ਵੀ ਸਾਰਾ ਲੁੱਟ ਕੇ ਲੈ ਜਾਣਗੇ। ਅਸੀਂ ਬਹੁਤ ਹੌਲੇ ਹੋ ਜਾਵਾਂਗੇ। ਫਿਰ ਸ਼ੀਹਾਂ ਮਸੰਦ ਨੂੰ ਕਹਿਣ ਲੱਗਾ ਕਿ ਤੈਨੂੰ ਉਦੋਂ ਹਟਾਇਆ ਸੀ, ਪਰੰਤੂ ਤੂੰ ਨ ਹਟਿਆ ਤੇ ਚਲਾ ਗਿਆ।

ਮਸੰਦ ਬੜਾ ਉਦਾਸ ਹੋ ਕੇ ਕਹਿਣ ਲੱਗਾ ਕਿ ਜੇਕਰ ਮੱਖਣ ਸ਼ਾਹ ਲੜਾਈ ਕਰੇ ਜਾਂ ਅਵੱਗਿਆ ਕਰੇ ਤਾਂ ਇਸਦਾ ਕੋਈ ਇਲਾਜ ਨਹੀਂ? ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਸਨੂੰ ਆਪਣੀ ਕਰਾਮਾਤ ਦੇ ਜ਼ੋਰ ਨਾਲ ਵੱਸ ਕਰ ਲਵੋ। ਮੈਂ ਜੋ ਕੁਝ ਕਰਨਾ ਸੀ, ਕਰਕੇ ਦਸ ਦਿੱਤਾ ਹੈ। ਹੁਣ ਤੁਹਾਡਾ ਵਕਤ ਆ ਰਿਹਾ ਹੈ, ਤੁਸੀਂ ਕੁਝ ਕਰ ਵਿਖਾਵੋ। ਇਸ ਤਰ੍ਹਾਂ ਧੀਰ ਮੱਲ ਨੂੰ ਮਸੰਦ ਨੇ ਕੋਰਾ ਜਵਾਬ ਦਿੱਤਾ। ਇਨ੍ਹਾਂ ਨੂੰ ਡਰ ਨਾਲ ਕੋਈ ਹੋਸ਼ ਨ ਰਹੀ ਤੇ ਬੜੇ ਦੁਖੀ ਹੋ ਕੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਇਤਨੇ ਨੂੰ ਮੱਖਣ ਸ਼ਾਹ ਦਰਵਾਜ਼ੇ ਵਿੱਚ ਆ ਗਿਆ। ਇਸਦੇ ਸੂਰਮਿਆਂ ਨੇ ਧੀਰ ਮੱਲ ਦੇ ਬੰਦਿਆਂ ਦੇ ਸ਼ਸਤਰ ਖੋਹ ਲਏ। ਜਿਹੜੇ ਦੀਨ ਹੋ ਕੇ ਸ਼ਰਨ ਲੈਂਦੇ ਸਨ, ਉਨ੍ਹਾਂ ਨੂੰ ਕਾਇਰ ਜਾਣ ਕੇ ਛੱਡ ਦਿੰਦੇ। ਕਈ ਸਹਿਮੇ ਹੋਏ ਅੰਦਰ ਛੁਪ ਗਏ। ਕਈ ਮੌਤ ਤੋਂ ਡਰਦੇ ਨੱਸ ਗਏ। ਜਿਨ੍ਹਾਂ ਪਾਸੋਂ ਨੱਠਿਆ ਨਾ ਗਿਆ, ਉਹ ਚੁੱਪ ਕਰਕੇ ਬੈਠ ਗਏ। ਸਭ ਮੱਖਣ ਸ਼ਾਹ ਦੇ ਮੂੰਹ ਵੱਲ ਡਰਦੇ ਵੇਖ ਰਹੇ ਸਨ। ਮੱਖਣ ਸ਼ਾਹ ਨੇ ਜਿਹੜੇ ਇਨ੍ਹਾਂ ਦੇ ਸ਼ਸਤਰ ਖੋਹੇ ਸਨ, ਉਹ ਇੱਕ ਥਾਂ ਇਕੱਠੇ ਕਰਾ ਕੇ ਬੰਨ੍ਹਾ ਦਿੱਤੇ। ਫਿਰ ਸਾਰੀਆਂ ਚੀਜ਼ਾਂ ਤੇ ਧਨ, ਜੋ ਗੁਰੂ ਘਰ ਦਾ ਇਹ ਲੁੱਟ ਕੇ ਲਿਆਏ ਸਨ, ਸਭ ਕੱਢਵਾ ਲਿਆ। ਫਿਰ ਧੀਰ ਮੱਲ ਦੇ ਡੇਰੇ ਦਾ ਜਿਤਨਾ ਸਮਾਨ ਤੇ ਧਨ ਆਦਿ ਸੀ, ਉਹ ਵੀ ਸਾਰਾ ਕੱਢਵਾ ਕੇ ਇਕੱਠਾ ਇਕ ਭਾਰ ਬੰਨ੍ਹਾ ਦਿੱਤਾ ਤੇ ਧੀਰ ਮੱਲ ਦੇ ਬੰਦਿਆਂ ਦੇ ਸਿਰ ਤੇ ਚੁੱਕਵਾ ਕੇ ਸਤਿਗੁਰਾਂ ਦੇ ਘਰ ਪਹੁੰਚਾ ਦਿੱਤਾ। ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਜਿਸਨੂੰ ਉਸ ਵਕਤ ਗ੍ਰੰਥ ਸਾਹਿਬ ਹੀ ਕਹਿੰਦੇ ਸਨ ਇੱਕ ਸਿੱਖ ਦੇ ਸਿਰ ਤੇ ਚੁੱਕਵਾ ਕੇ ਭੇਜ ਦਿੱਤਾ। ਜਿਸ ਅਕਲ ਦੇ ਅੰਨ੍ਹੇ ਸ਼ੀਹੇ ਮਸੰਦ ਨੇ ਸਤਿਗੁਰਾਂ ਦਾ ਨਿਰਾਦਰ ਕੀਤਾ ਸੀ, ਉਸ ਮਹਾਨ ਖੋਟੇ ਕਰਮ ਵਾਲੇ ਨੂੰ ਫੜ ਲਿਆ। ਉਸਦੀਆਂ ਬਾਹਾਂ ਪਿੱਛੇ ਕਰਕੇ ਬੰਨ੍ਹ ਲਈਆਂ। ਉਸਦੀਆਂ ਮੁਸ਼ਕਾਂ ਬੰਨ੍ਹਕੇ ਉਸਦੀ ਮਾਰ ਕੁਟਾਈ ਕਰਦੇ ਉਸ ਨੂੰ ਆਪਣੇ ਕੀਤੇ ਖੋਟੇ ਕਰਮ ਦਾ ਫਲ ਦੇ ਰਹੇ ਸਨ। ਬੜਾ ਦੁਖੀ ਹੋ ਕੇ ਧੀਰ ਮੱਲ ਕਹਿਣ ਲੱਗਾ ਕਿ ਹੇ ਮੱਖਣ ਸ਼ਾਹ! ਤੂੰ ਗੁਰੂ ਦਾ ਸਿੱਖ ਹੈਂ, ਅਸੀਂ ਗੁਰੂ ਕੀ ਕੁੱਲ ਵਿੱਚੋਂ ਹਾਂ। ਤੂੰ ਸਤਿਗੁਰਾਂ ਦਾ ਡਰ ਆਪਣੇ ਹਿਰਦੇ ਵਿੱਚ ਜ਼ਰਾ ਵੀ ਨਹੀਂ ਰੱਖਿਆ। ਤੂੰ ਜੋ ਇਹ ਮਾੜਾ ਕੰਮ ਕੀਤਾ ਹੈ, ਇਸਦਾ ਫਲ ਤੂੰ ਦੁਖ ਪਾਵੇਂਗਾ। ਤੈਨੂੰ ਸੁੱਖ ਨਹੀਂ ਮਿਲੇਗਾ। ਤੂੰ ਸਾਡੀਆਂ ਸਾਰੀਆਂ ਚੀਜ਼ਾਂ ਵੀ ਲੁੱਟ ਲਈਆਂ ਹਨ ਤੇ ਗਰੰਥ ਸਾਹਿਬ ਵੀ ਚੁਕਵਾ ਕੇ ਲੈ ਗਿਆ ਹੈਂ। ਅਸੀਂ ਸਾਰੇ ਸੋਢੀ ਭਰਾ ਹਾਂ। ਕਈ ਵੇਰ ਲੜਦੇ ਹਾਂ, ਫਿਰ ਆਪਸ ਵਿੱਚ ਇਕੱਠੇ ਹੋ ਜਾਂਦੇ ਹਾਂ। ਅੱਜ ਤੱਕ ਕੋਈ ਅਜਿਹਾ ਸਿੱਖ ਨਹੀਂ ਵੇਖਿਆ ਜੋ ਗੁਰੂਆਂ ਦੇ ਝਗੜੇ ਵਿੱਚ ਆ ਕੇ

ਦਖਲ ਦੇਵੇ।

## ਮੱਖਣ ਸ਼ਾਹ ਦਾ ਧੀਰ ਮੱਲ ਨੂੰ ਉੱਤਰ

ਮੱਖਣ ਸ਼ਾਹ ਨੇ ਧੀਰ ਮੱਲ ਦੀਆਂ ਗੱਲਾਂ ਸੁਣ ਕੇ ਕਿਹਾ ਕਿ ਧੀਰ ਮੱਲ ! ਤੂੰ ਬੜਾ ਖੋਟਾ ਕੰਮ ਕੀਤਾ ਹੈ। ਸਤਿਗੁਰੂ ਸਿੱਖ ਦੀ ਦੋਹਾਂ ਲੋਕਾਂ ਵਿੱਚ ਸਹਾਇਤਾ ਕਰਦੇ ਹਨ। ਪਰ ਕਦੇ ਕੋਈ ਇਸ ਤਰ੍ਹਾਂ ਦਾ ਸਮਾਂ ਵੀ ਆ ਜਾਂਦਾ ਹੈ, ਜਦੋਂ ਸਿੱਖ ਵੀ ਗੁਰੂ ਦੇ ਸਹਾਇਕ ਆ ਬਣਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੋ ਖੁਸ਼ੀ ਤੇ ਗਮੀ ਵਿੱਚ ਇੱਕੋ ਜਿਹੀ ਹੀ ਆਪਣੀ ਬਿਰਤੀ ਰੱਖਦੇ ਹਨ, ਸੰਸਾਰ ਨੂੰ ਝੂਠਾ ਜਾਣ ਕੇ ਕੁਝ ਅੰਗੀਕਾਰ ਨਹੀਂ ਕਰਦੇ। ਪੂਰਨ ਬ੍ਰਹਮ-ਗਿਆਨੀ ਹਨ। ਤੇਰੇ ਪਿਤਾ ਦੇ ਭਰਾ ਹੋਣ ਦੇ ਨਾਤੇ ਤੇਰੇ ਉਹ ਵੱਡੇ ਅਸਥਾਨ ਤੇ ਹਨ। ਸੋਢੀਆਂ ਦੀ ਕੁੱਲ ਦੇ ਸਿਰਮੌਰ ਹਨ। ਉਨ੍ਹਾਂ ਦੀ ਸੰਸਾਰ ਵਿੱਚ ਪ੍ਰਗਟ ਹੋਣ ਦੀ ਇੱਛਾ ਨਹੀਂ ਸੀ। ਮੈਂ ਉਨ੍ਹਾਂ ਨੂੰ ਬੇਨਤੀਆਂ ਕਰ-ਕਰ ਕੇ ਬਾਹਰ ਬਿਠਾਇਆ। ਐ ਅਕਲ ਦੇ ਅੰਨ੍ਹੇ ਧੀਰ ਮੱਲ ! ਤੂੰ ਉਨ੍ਹਾਂ ਨੂੰ ਮਾਰਨ ਲਈ ਉਨ੍ਹਾਂ ਤੇ ਬੰਦੂਕ ਚਲਾਈ। ਤੂੰ ਬੜਾ ਭਾਰੀ ਅਪਰਾਧ ਕੀਤਾ ਹੈ। ਤੂੰ ਮਾਰਨ ਦੇ ਯੋਗ ਸੀ, ਪਰ ਮੈਂ ਤੈਨੂੰ ਗੁਰੂ ਦੀ ਕੁਲ ਦਾ ਜਾਣ ਕੇ ਛੱਡਦਾ ਹਾਂ, ਨਹੀਂ ਤਾਂ ਤੂੰ ਬਚ ਨਹੀਂ ਸੀ ਸਕਦਾ।

ਇਸ ਤਰ੍ਹਾਂ ਸਭ ਚੀਜ਼ਾਂ ਲੈ ਕੇ ਮੱਖਣ ਸ਼ਾਹ ਸਤਿਗੁਰਾਂ ਦੇ ਘਰ ਆ ਗਿਆ। ਮਾਤਾ ਨਾਨਕੀ ਜੀ ਨੂੰ ਸਭ ਚੀਜ਼ਾਂ ਸੌਂਪ ਦਿੱਤੀਆਂ। ਧੀਰ ਮੱਲ ਦੀ ਪੁਸ਼ਾਕਾਂ ਆਦਿ ਦੀ ਵੱਡੀ ਭਾਰੀ ਪੰਡ ਵੀ ਲਿਆ ਕੇ ਸਤਿਗੁਰਾਂ ਨੂੰ ਸੌਂਪ ਦਿੱਤੀ। ਧਨ ਵੀ ਲਿਆ ਕੇ ਸਤਿਗੁਰਾਂ ਅੱਗੇ ਰੱਖ ਦਿੱਤਾ। ਫਿਰ ਮੱਖਣ ਸ਼ਾਹ ਨੇ ਸਤਿਗੁਰਾਂ ਦੇ ਸਾਹਮਣੇ ਆ ਕੇ ਨਮਸਕਾਰ ਕੀਤੀ, ਹੱਥ ਜੋੜੇ। ਸਤਿਗੁਰਾਂ ਨੂੰ ਧਨ ਜਾਣ ਦੀ ਵੀ ਕੋਈ ਚਿੰਤਾ ਨਹੀਂ ਸੀ ਹੋਈ ਤੇ ਨਾ ਹੁਣ ਧਨ ਪ੍ਰਾਪਤ ਹੋਣ ਦੀ ਹੀ ਕੋਈ ਖੁਸ਼ੀ ਹੋਈ। ਮੱਖਣ ਸ਼ਾਹ ਸਤਿਗੁਰਾਂ ਦਾ ਮੁੱਖ ਕੰਵਲ ਵਾਂਗ ਖਿੜਿਆ ਵੇਖ ਕੇ ਬੜਾ ਖੁਸ਼ ਹੋਇਆ। ਸਤਿਗੁਰ ਸੁੰਦਰ ਆਸਣ ਤੇ ਬੈਠੇ ਬੜੀ ਸ਼ੋਭਾ ਵਧਾ ਰਹੇ ਸਨ ਤੇ ਸਿੱਖ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ।

## ਮੱਖਣ ਸ਼ਾਹ ਨੂੰ ਸਤਿਗੁਰੂ ਜੀ ਦਾ ਵਰਜਣਾ

ਸਾਰੀਆਂ ਚੀਜ਼ਾਂ ਵੇਖ ਕੇ ਪਰਮ ਕਿਰਪਾਲੂ ਸਤਿਗੁਰੂ ਮੱਖਣ ਸ਼ਾਹ ਨੂੰ ਪੁੱਛਦੇ ਸਨ, ਇਹ ਸਾਰੀਆਂ ਚੀਜ਼ਾਂ ਕਿਸ ਤਰ੍ਹਾਂ ਦੀਆਂ ਲਿਆਂਦੀਆਂ ਹਨ ਤੇ ਤੂੰ ਹੁਣ ਸੰਧਿਆ ਵੇਲੇ ਕਿਸ ਤਰ੍ਹਾਂ ਆਇਆ ਏਂ? ਫਿਰ ਤੂੰ ਸ਼ਸਤਰ ਸਜਾ ਕੇ ਮੂੰਹੋਂ ਦੱਸਿਆ ਹੈ ਕੀ ਕਾਰਣ ਹੈ।

ਮੱਖਣ ਸ਼ਾਹ ਨੇ ਸਤਿਗੁਰ ਦਾ ਬਚਨ ਸੁਣ ਕੇ ਕਿਹਾ-ਸਤਿਗੁਰੂ ਜੀ ! ਜਿਸ ਖੋਟੀ ਆਤਮਾ ਵਾਲੇ ਨਿੰਦਕ ਪਾਪੀ ਨੇ ਤੁਹਾਡੀ ਨਿਰਾਦਰੀ ਕੀਤੀ, ਉਹ ਸ਼ੀਹਾਂ ਮਸੰਦ ਧੀਰ ਮੱਲ ਪਾਸ ਰਹਿੰਦਾ ਹੈ। ਉਸ ਮਸੰਦ ਦੀਆਂ ਮੈਂ ਮੁਸ਼ਕਾਂ ਬੰਨ੍ਹੀਆਂ ਹਨ, ਜਾਨੋਂ ਨਹੀਂ ਮਾਰਿਆ। ਉਹ ਮਾਰਨ ਦੇ ਯੋਗ ਸੀ, ਜਿਸਨੇ ਤੁਹਾਨੂੰ ਦੁੱਖ ਦਿੱਤਾ। ਤੁਹਾਡੀਆਂ ਸਾਰੀਆਂ ਚੀਜ਼ਾਂ ਲੁੱਟ ਕੇ ਲੈ ਗਿਆ। ਹੁਣ ਉਹ ਤੁਹਾਡੀਆਂ ਸਾਰੀਆਂ ਚੀਜ਼ਾਂ ਮੈ ਲੈ ਆਇਆ ਹਾਂ। ਜਿਸ ਮਸੰਦ ਨੇ ਖੋਟਾ ਕਰਮ ਕੀਤਾ ਸੀ, ਉਹ ਅਪਰਾਧੀ ਨੂੰ ਵੀ ਪਕੜ ਕੇ ਲਿਆਂਦਾ ਹੈ ਅਤੇ ਧੀਰ ਮੱਲ ਨੂੰ ਇਸ ਵਾਸਤੇ ਨਹੀਂ ਮਾਰਿਆ ਕਿ ਉਹ ਗੁਰੂ ਕੁੱਲ ਵਿੱਚ ਪੈਦਾ ਹੋਇਆ ਹੈ । ਸਤਿਗੁਰ ਜੀ ! ਕੋਈ ਖੋਟੀ ਆਤਮਾ ਵਾਲਾ ਮੇਰੇ ਅੱਖੀਂ ਵੇਖਦਿਆਂ ਤੁਹਾਡੀ ਨਿਰਾਦਰੀ ਕਰੇ, ਮੈਂ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦਾ ਹਾਂ। ਉਸਨੂੰ ਸ਼ਸਤਰ ਮਾਰ ਕੇ ਮਾਰ ਦਿਆਂ ਜਾਂ ਆਪ ਮਰ ਜਾਵਾਂ। ਜਦੋਂ ਮੈਨੂੰ ਤੁਹਾਡੀ ਅਵੱਗਿਆ ਦੀ ਦੁਖਦਾਈ ਖਬਰ ਪੁੱਜੀ ਤਾਂ ਮੈਂ ਬਿਨ੍ਹਾਂ ਦੇਰ ਤੋਂ ਦੌੜ ਕੇ ਆ ਗਿਆ। ਧੀਰ ਮੱਲ ਦਾ ਬੜਾ ਦੋਸ਼ ਸੀ, ਇਸ ਲਈ ਮੈਂ ਉਸਦਾ ਡੇਰਾ ਲੁੱਟਿਆ ਅਤੇ ਤੁਹਾਡੀਆਂ ਚੀਜ਼ਾਂ ਵੀ ਸਾਰੀਆਂ ਲੈ ਆਂਦੀਆਂ ਹਨ ਤੇ ਉਸਦੀਆਂ ਵੀ ਸਾਰੀਆਂ ਖੋਹ ਕੇ ਲੈ ਆਂਦੀਆਂ ਹਨ। ਆਪ ਸਾਰੀਆਂ ਚੀਜ਼ਾਂ ਸੰਭਾਲ ਲਉ। ਤੁਹਾਡਾ ਨਿਰਾਦਰ ਕਰਨ ਵਾਲੇ ਵੈਰੀ ਨੂੰ ਨਿਰਬਲ ਕਰ ਦਿੱਤਾ ਹੈ। ਜਿਸ ਅਪਰਾਧੀ ਮਸੰਦ ਨੇ ਤੁਹਾਡਾ ਨਿਰਾਦਰ ਕੀਤਾ ਸੀ, ਉਸਨੂੰ ਬੰਨ੍ਹ ਲਿਆਂਦਾ ਹੈ। ਜਦੋਂ ਦੁਸ਼ਟ ਤੁਹਾਡੇ ਘਰ ਆਏ ਸਨ, ਮੈਨੂੰ ਕਿਉਂ ਨਹੀਂ ਖਬਰ ਕੀਤੀ, ਮੈਂ ਉਸੇ ਵੇਲੇ ਉਸਦੇ ਪ੍ਰਾਣ ਖਤਮ ਕਰ ਦਿੰਦਾ। ਜੇਕਰ ਅਕਲ ਵਾਲਾ ਹੋਵੇਗਾ ਤਾਂ ਅੱਗੇ ਤੋਂ ਇਸ ਤਰ੍ਹਾਂ ਕਦੇ ਕਿਸੇ ਦਾ ਨਿਰਾਦਰ ਨਹੀਂ ਕਰੇਗਾ।

ਮੱਖਣ ਸ਼ਾਹ ਦੇ ਬਚਨ ਸੁਣ ਕੇ ਸਤਿਗੁਰੂ ਜੀ ਕਹਿੰਦੇ-ਹੇ ਮੱਖਣ ਸ਼ਾਹ ! ਤੂੰ ਇਹ ਕੀ ਕੀਤਾ ! ਜਿਸ ਨੇ ਆ ਕੇ ਇਸ ਤਰ੍ਹਾਂ ਦਾ ਖੋਟਾ ਕਰਮ ਕੀਤਾ ਹੈ, ਉਹ ਤਾਂ ਕਾਮ ਕ੍ਰੋਧ ਆਦਿਕ ਵਿਕਾਰਾਂ ਦੇ ਵੱਸ ਹੈ। ਮਾਇਆ ਤੇ ਧਨ ਦਾ ਤ੍ਰਿਸ਼ਨਾਲੂ ਹੈ। ਉਸਦੇ ਅੰਦਰ ਧਨ ਦੀ ਤ੍ਰਿਸ਼ਨਾ ਤਪ ਰਹੀ ਹੈ। ਅਸੀਂ ਉਸਦੇ ਵਾਂਗ ਨਹੀਂ ਕਰਨਾ ਚਾਹੁੰਦੇ। ਇਸ ਤਰ੍ਹਾਂ ਕਰਨ ਵਿੱਚ ਅਸੀਂ ਭਾਰੀ ਦੋਸ਼ ਸਮਝਦੇ ਹਾਂ। ਤੂੰ ਗੁਰੂ ਦਾ ਮਹਾਨ ਸਿੱਖ ਹੈਂ। ਤੂੰ ਸ਼੍ਰੇਸ਼ਟ ਗੁਣ ਆਪਣੇ ਮਨ ਵਿੱਚ ਧਾਰਨ ਕਰ ਕੇ ਅਤੇ ਧੀਰ ਮੱਲ ਦੀਆਂ ਸਾਰੀਆਂ ਚੀਜ਼ਾਂ, ਧਨ ਸਮੇਤ ਅਤੇ ਜੋ ਤੂੰ ਸਾਨੂੰ ਧਨ ਭੇਟ ਕੀਤਾ ਹੈ, ਉਹ ਵੀ ਸਭ ਕੁਝ ਉਸਦੇ ਪਾਸ ਪਹੁੰਚ ਦੇ। ਆਪਣੇ ਮਨ ਦੀ ਘਬਰਾਹਟ ਨੂੰ ਦੂਰ ਕਰ। ਖੁਸ਼ ਹੋ ਕੇ ਇਹ ਸਭ ਕੁਝ ਉਸਨੂੰ ਦੇ ਦੇ। ਭਲਾ ਤੇ ਬੁਰਾ ਸਮਝ ਕੇ ਆਪਣੇ ਮਨ ਵਿੱਚੋਂ ਕਲੇਸ਼ ਤਿਆਗ ਦੇ। ਤੇਰਾ ਸਾਡੇ ਨਾਲ ਮਿਲਣਾ ਸਫਲ ਹੋ ਜਾਵੇਗਾ ਤੇ ਤੂੰ ਜਨਮ-ਮਰਨ ਤੋਂ ਛੁਟਕਾਰਾ ਪਾ ਲਵੇਂਗਾ।

ਮੱਖਣ ਸ਼ਾਹ ਨੇ ਸਤਿਗੁਰਾਂ ਦੇ ਬਚਨ ਸੁਣ ਕੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਜਿਨ੍ਹਾਂ ਖੋਟੀ ਬੁੱਧੀ ਵਾਲੇ ਦੁਸ਼ਟਾਂ ਨੇ ਤੁਹਾਨੂੰ ਪ੍ਰਾਣ ਲੈਣ ਤੱਕ ਅਪਰਾਧ ਕੀਤਾ ਹੈ, ਉਨ੍ਹਾਂ ਨੂੰ ਖਿਮਾ ਕਰਨਾ, ਰਾਜਨੀਤੀ ਇਸ ਗੱਲ ਨੂੰ ਚੰਗੀ ਨਹੀਂ ਕਹਿੰਦੀ। ਜਿਸ ਅਪਰਾਧੀ ਨੇ ਇੰਨਾ ਭਾਰੀ ਪਾਪ ਕੀਤਾ ਏ, ਉਸਦਾ ਫਲ ਉਸਨੂੰ ਨਾ ਮਿਲੇ ਤਾਂ ਅੱਗੋਂ ਨੂੰ ਉਹ ਹੋਰ ਉਤਸ਼ਾਹ ਨਾਲ ਅਪਰਾਧ ਕਰੇਗਾ। ਇਸ ਲਈ ਅਪਰਾਧੀ ਨੂੰ ਦੰਡ ਦੇਣਾ ਯੋਗ ਹੈ। ਉਸਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ। ਤੁਸੀਂ ਮੇਰੇ ਸਾਹਮਣੇ ਦੁਸ਼ਟ ਪਾਸੋਂ ਆਪਣੀ ਅਵੱਗਿਆ ਕਰਵਾਉ, ਇਹ ਮੈਂ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦਾ ਹਾਂ।

ਮੱਖਣ ਸ਼ਾਹ ਦੇ ਬਚਨ ਸੁਣ ਕੇ ਸਤਿਗੁਰੂ ਕਹਿਣ ਲੱਗੇ-"ਮੱਖਣ ਸ਼ਾਹ ! ਕੰਨ ਦੇ ਕੇ ਸੁਣੋ ! ਖਿਮਾ ਕਰਨੀ ਇੱਕ ਮਹਾਨ ਤੱਪ ਹੈ। ਖਿਮਾ ਕਰਨੀ ਇੱਕ ਵੱਡਾ ਦਾਨ ਹੈ। ਖਿਮਾ ਕਰਨੀ ਸਾਰਿਆਂ ਤੀਰਥਾਂ ਦਾ ਇਸ਼ਨਾਨ ਹੈ। ਖਿਮਾ ਕਰਨੀ ਮਨੁੱਖ ਦਾ ਕਲਿਆਣ ਕਰਦੀ ਹੈ। ਖਿਮਾ ਕਰਨ ਵਰਗਾ ਹੋਰ ਕੋਈ ਗੁਣ ਨਹੀਂ। ਇਸ ਲਈ ਮੱਖਣ ਸ਼ਾਹ ਆਪਣੇ ਮਨ ਵਿੱਚ ਖਿਮਾ ਧਾਰੋ। ਖਿਮਾ ਵਰਗੇ ਸ਼੍ਰੇਸ਼ਟ ਗੁਣ ਦਾ ਤਿਆਗ ਕਰਨਾ ਯੋਗ ਨਹੀਂ, ਇਤਿਆਦਕ, ਸਤਿਗੁਰਾਂ ਨੇ ਮੱਖਣ ਸ਼ਾਹ ਨੂੰ ਬਹੁਤ ਸੁੰਦਰ ਉਪਦੇਸ਼ ਦਿੱਤਾ।"

## ਸਤਿਗੁਰਾਂ ਦੇ ਘਰ ਵਿੱਚ ਵਿਚਾਰ

ਇਸ ਤਰ੍ਹਾਂ ਮੱਖਣ ਸ਼ਾਹ ਨੂੰ ਬਾਰ-ਬਾਰ ਸਤਿਗੁਰਾਂ ਨੇ ਧੀਰ ਮੱਲ ਦੀਆਂ ਚੀਜ਼ਾਂ ਮੋੜਨ ਲਈ ਕਿਹਾ ਤਾਂ ਮੱਖਣ ਸ਼ਾਹ ਚੁੱਪ ਕਰ ਗਿਆ। ਬੜਾ ਦੁਚਿੱਤਾ ਹੋ ਕੇ ਸੋਚ ਰਿਹਾ ਸੀ ਕਿ ਇਤਨੇ ਨੂੰ ਉਥੇ ਮਾਤਾ ਜੀ ਵੀ ਆ ਗਏ। ਜਿਨ੍ਹਾਂ ਦੇ

ਮਨ ਵਿੱਚ ਬੜਾ ਗੁੱਸਾ ਸੀ। ਮਾਤਾ ਜੀ ਦੇ ਆਉਣ ਤੇ ਮੱਖਣ ਸ਼ਾਹ ਸਮੇਤ ਸਾਰੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਬੜੇ ਆਦਰ ਨਾਲ ਨਮਸਕਾਰ ਕੀਤੀ।

ਮਾਤਾ ਜੀ ਕਹਿਣ ਲੱਗੇ-ਹੇ ਗੁਰੂ ਦੇ ਸਿੱਖ ਮੱਖਣ ਸ਼ਾਹ! ਮੇਰੀ ਗੱਲ ਸੁਣੋ। ਮੈਂ ਬੜੀ ਉਲਟੀ ਗੱਲ ਸੁਣ ਕੇ ਆਈ ਹਾਂ। ਜਿਸ ਧੀਰ ਮੱਲ ਨੇ ਸਾਡੇ ਘਰ ਦਾ ਸਾਰਾ ਸਾਮਾਨ ਲੁੱਟਿਆ। ਬੰਦੂਕ ਚਲਾ ਕੇ ਮੇਰੇ ਪੁੱਤਰ ਦੇ ਪ੍ਰਾਣ ਨਾਸ ਕਰਨ ਤੱਕ ਜਿਸਨੇ ਭਾਰੀ ਖੋਟਾ ਕੰਮ ਕੀਤਾ, ਮੇਰਾ ਇਹ ਸਾਧੂ ਪੁੱਤਰ ਉਸਦਾ ਵੀ ਭਲਾ ਕਰਨਾ ਚਾਹੁੰਦਾ ਹੈ। ਜੋ ਵੱਡਾ ਵੈਰੀ ਏ ਤੇ ਦੰਡ ਦੇਣ ਯੋਗ ਹੈ। ਮਾਤਾ ਦੇ ਬੜੇ ਲੰਮੇ ਸਾਹ ਲੈਂਦੀ ਏ, ਨੇਤਰਾਂ ਵਿੱਚੋਂ ਅੱਥਰੂ ਵਗ ਰਹੇ ਸਨ। ਫਿਰ ਕਹਿਣ ਲੱਗੇ-ਹੇ ਗੁਰੂ ਦੇ ਸਿੱਖ ਮੱਖਣ ਸ਼ਾਹ! ਇਹ ਪੰਜ ਭਰਾ ਹਨ, ਸਾਰਿਆਂ ਤੋਂ ਛੋਟਾ ਮੇਰਾ ਇਹ ਪੁੱਤਰ ਹੈ। ਇਸਦੀ ਕਿਸੇ ਵੀ ਕਾਰ-ਵਿਹਾਰ ਵਿੱਚ ਰੁਚੀ ਨਹੀਂ। ਇਹ ਇਕੱਲਾ ਹੀ ਬੈਠਾ ਰਹਿੰਦਾ ਹੈ, ਨਾ ਕਿਸੇ ਨਾਲ ਬੋਲਣਾ ਤੇ ਨਾ ਹੀ ਕਿਸੇ ਨਾਲ ਲੈਣ ਦੇਣ ਦੀ ਗੱਲ ਕਰਨੀ। ਇਸ ਦੇ ਭਰਾ ਸਾਰੇ ਬੁੱਧੀਮਾਨ ਹਨ। ਚੰਗੇ ਬਸਤਰ ਪਹਿਨਦੇ ਹਨ। ਸੁੰਦਰ ਭੂਸ਼ਣ ਪਹਿਨਦੇ ਹਨ। ਸਿੱਖਾਂ ਪਾਸੋਂ ਪੂਜਾ ਪ੍ਰਤਿਸ਼ਟਾ ਕਰਾਉਂਦੇ ਹਨ। ਜਦੋਂ ਮੈਂ ਉਨ੍ਹਾਂ ਨੂੰ ਦੇਖਦੀ ਹਾਂ ਤੇ ਫਿਰ ਆਪਣੇ ਇਸ ਛੋਟੇ ਪੁੱਤਰ ਵੱਲ ਵੇਖਦੀ ਹਾਂ ਤਾਂ ਮੇਰਾ ਮਨ ਬਹੁਤ ਉਦਾਸ ਹੁੰਦਾ ਹੈ। ਮੈਂ ਰਾਤ ਦਿਨ ਚਿੰਤਾ ਵਿੱਚ ਰਹਿੰਦੀ ਹਾਂ, ਜਦੋਂ ਇਹਨੂੰ ਕਿਤਨੇ ਹੀ ਦਿਨ ਘਰ ਵਿੱਚ ਬੈਠਿਆ ਬੀਤ ਜਾਂਦੇ ਹਨ। ਪਹਿਲੇ ਕਦੇ-ਕਦੇ ਆਪਣੇ ਪਿਤਾ ਜੀ ਪਾਸ ਜਾਂਦਾ ਸੀ ਤੇ ਇਸ ਦੇ ਪਿਤਾ ਜੀ ਇਸ ਨਾਲ ਬਹੁਤ ਪਿਆਰ ਕਰਦੇ ਸਨ। ਮੈਨੂੰ ਇਹ ਦੇਖ ਕੇ ਤਾਂ ਬੜੀ ਖੁਸ਼ੀ ਹੁੰਦੀ ਹੈ ਪਰ ਇਹ ਆਪਣੇ ਪਿਤਾ ਜੀ ਦੇ ਪਾਸ ਕੁਝ ਚਿਰ ਬੈਠ ਕੇ ਆ ਜਾਂਦਾ ਤੇ ਕੋਈ ਵੀ ਬਚਨ ਨਾ ਕਰਦਾ। ਇਸ ਤਰ੍ਹਾਂ ਜਦੋਂ-ਜਦੋਂ ਵੀ ਇਹ ਆਪਣੇ ਪਿਤਾ ਜੀ ਦੇ ਪਾਸ ਜਾਂਦਾ ਤਾਂ ਉਹ ਦਿਨ ਪ੍ਰਤੀ ਦਿਨ ਇਹ ਨਾਲ ਬਹੁਤ ਪਿਆਰ ਕਰਦੇ। ਮੇਰੇ ਮਨ ਵਿੱਚ ਸੰਸਾ ਵੱਧ ਗਿਆ। ਇਹ ਮੇਰਾ ਪੁੱਤਰ ਬੋਲਦਾ ਵੀ ਨਹੀਂ ਸੀ। ਕੋਈ ਗੱਲ ਵੀ ਨਹੀਂ ਸੀ ਕਰਦਾ। ਪਰ ਇਨ੍ਹਾਂ ਦੇ ਪਿਤਾ ਜੀ ਇਸ ਨਾਲ ਬਹੁਤ ਪਿਆਰ ਕਰਦੇ ਸਨ।

ਇੱਕ ਦਿਨ ਜਗਤ ਗੁਰੂ ਬੈਠੇ ਹੋਏ ਸਨ। ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿਆਪ ਜੀ ਦੇ ਵੱਡੇ ਚਾਰ ਪੁੱਤਰ ਹਨ, ਪਰ ਉਨ੍ਹਾਂ ਦਾ ਸਨਮਾਨ ਤੇ ਪਿਆਰ ਆਪ ਇਤਨਾ ਨਹੀਂ ਕਰਦੇ, ਜਿਤਨਾ ਕਿ ਮੇਰੇ ਛੋਟੇ ਪੁੱਤਰ ਨਾਲ ਕਰਦੇ ਹੋ। ਇਸ ਵਿੱਚ ਕੀ ਕਾਰਣ ਹੈ? ਮੈਨੂੰ ਸਮਝਾਉਣ ਦੀ ਕ੍ਰਿਪਾ ਕਰੋ। ਮੇਰੇ ਹੱਥ ਜੋੜ ਵੇਖ ਕੇ ਇਨ੍ਹਾਂ ਦੇ ਪਿਤਾ ਜੀ ਕਹਿਣ ਲੱਗੇ-ਇਹ ਬੜੇ ਵੱਡੇ ਭਾਗਾਂ ਵਾਲਾ ਮਹਾਂਪੁਰਖ ਹੋਵੇਗਾ, ਜਿਸ ਦੇ ਅੰਦਰ ਨਾ ਕਿਸੇ ਨਾਲ ਪਿਆਰ ਏ ਤੇ ਨਾ ਕਿਸੇ ਨਾਲ ਵੈਰ ਏ। ਇਹਦੇ ਘਰ ਇੱਕ ਬੜਾ ਉਤਮ ਪੁਰਸ਼ ਪੈਦਾ ਹੋਵੇਗਾ। ਜਿਸ ਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ। ਸਾਰੇ ਸੰਸਾਰ ਵਿੱਚ ਉਸਦਾ ਬੜਾ ਪ੍ਰਤਾਪ ਵਧੇਗਾ। ਧਰਤੀ ਤੇ ਧਰਮ ਦੀ ਰੱਖਿਆ ਕਰੇਗਾ ਅਤੇ ਗੁਰੂ ਨਾਨਕ ਦਾ ਨਾਮ ਸੰਸਾਰ ਵਿੱਚ ਵੱਧ ਤੋਂ ਵੱਧ ਰੋਸ਼ਨ ਕਰੇਗਾ। ਇਸ ਲਈ ਅਸੀਂ ਇਸ ਨਾਲ ਬਹੁਤ ਪਿਆਰ ਕਰਦੇ ਹਾਂ ਤੇ ਆਦਰ ਕਰਦੇ ਹਾਂ।

ਫਿਰ ਮਾਤਾ ਕਹਿਣ ਲੱਗੀ-ਮੱਖਣ ਸ਼ਾਹ! ਮੇਰੀ ਉਮਰ ਵੱਡੀ ਹੋ ਗਈ ਏ। ਅਜੇ ਤੱਕ ਮੈਂ ਪੋਤਰਾ ਨਹੀਂ ਦੇਖਿਆ। ਕਦੋਂ ਉਨ੍ਹਾਂ ਦਾ ਬਚਨ ਸੱਚੇ ਹੋਣਗੇ। ਮੱਖਣ ਸਾਹ ਦੂਜੀ ਗੱਲ ਸੁਣ, ਇਸ ਦੇ ਪਿਤਾ ਜੀ ਦੇ ਅੰਤ ਸਮੇਂ ਮੈਂ ਬੜੀ ਉਦਾਸ ਹੋ ਕੇ ਉਨ੍ਹਾਂ ਦੇ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਪ੍ਰਭੂ! ਤੁਸੀਂ ਹੁਣ ਬੈਕੁੰਠ ਜਾਣਾ ਚਾਹੁੰਦੇ ਹੋ, ਅਸੀਂ ਕਿਸ ਦੇ ਆਸਰੇ ਜੀਵਾਂਗੇ? ਮੇਰਾ ਪੁੱਤਰ ਤਾਂ ਬੜਾ ਸਿੱਧਾ-ਸਾਧਾ ਹੈ। ਅਤੇ ਕੋਈ ਵਿਹਾਰ ਕਰਨਾ ਵੀ ਨਹੀਂ ਜਾਣਦਾ, ਸਾਡੀ ਕੀ ਹਾਲਤ ਹੋਵੇਗੀ? ਤਾਂ ਮੇਰੀ ਬੇਨਤੀ ਸੁਣ ਕੇ ਉਨ੍ਹਾਂ ਇਹ ਬਚਨ ਕਹਿ ਕੇ ਧੀਰਜ ਦਿੱਤਾ ਕਿ ਤੂੰ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰ। ਤੇਰਾ ਪੁੱਤਰ ਸਭ ਗੁਣਾਂ ਦਾ ਖਜ਼ਾਨਾ ਹੈ। ਹੋਰ ਥਾਂ ਤੋਂ ਪਰਤ ਕੇ ਗੁਰਿਆਈ ਦੀ ਵਡਿਆਈ ਤੇਰੇ ਘਰ ਆਵੇਗੀ। ਇਸਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ। ਸਭ ਇਸ ਅੱਗੇ ਨਿਵਣਗੇ। ਨਿੰਦਕ, ਈਰਖਾ ਕਰਕੇ ਪਸ਼ਚਾਤਾਪ ਕਰਨਗੇ। ਜੋ ਇਨ੍ਹਾਂ ਦੀ ਪੂਜਾ ਕਰਨਗੇ, ਉਨ੍ਹਾਂ ਨੂੰ ਮਨ-ਇੱਛਤ ਫਲ ਪ੍ਰਾਪਤ ਹੋਣਗੇ।

ਇਸ ਤਰ੍ਹਾਂ ਦੇ ਜੋ ਉਨ੍ਹਾਂ ਬਚਨ ਕੀਤੇ, ਸੁਣ ਕੇ ਮੈਂ ਅਤਿ ਪ੍ਰਸੰਨ ਹੋਈ ਸਾਂ ਅਤੇ ਹੁਣ ਮੈਂ ਉਨ੍ਹਾਂ ਦੇ ਬਚਨਾਂ ਦੀ ਰਾਤ-ਦਿਨ ਉਡੀਕ ਕਰ ਰਹੀ ਹਾਂ। ਧੀਰ ਮਲ ਨੇ ਦਵੈਸ਼ ਕਰਕੇ ਬੰਦੂਕਾਂ ਚਲਾਈਆਂ। ਮੇਰੇ ਪੁੱਤਰ ਦੇ ਪ੍ਰਾਣ ਨਾਸ ਕਰਨ ਤੱਕ ਯਤਨ ਕੀਤਾ। ਫਿਰ ਵੀ ਦੇਖ ਧੀਰ ਮੱਲ ਦੀਆਂ ਖੋਟੀਆਂ ਗੱਲਾਂ ਨੂੰ ਵੇਖ ਸੁਣ ਕੇ ਵੀ ਉਸਦਾ ਭਲਾ ਕਰੀ ਜਾਂਦਾ ਹੈ। ਇਸ ਨੂੰ ਕੌਣ ਮੋੜੇ! ਧਨ ਧੀਰ ਮਲ ਨੂੰ ਮੋੜਨਾ ਚਾਹੁੰਦਾ ਹੈ। ਉਸਦੇ ਮਨ ਨੂੰ ਸ਼ਾਂਤੀ ਨਹੀਂ, ਉਸਨੂੰ ਤ੍ਰਿਸ਼ਨਾ ਦੀ ਅੱਗ ਲੱਗੀ ਹੋਈ ਏ। ਮੱਖਣ ਸ਼ਾਹ! ਜਿਸ ਤਰ੍ਹਾਂ ਹੁਣ ਇਹ ਧਨ ਤੇ ਸਮਾਨ ਮੋੜਨਾ ਚਾਹੁੰਦਾ ਹੈ, ਸਾਨੂੰ ਇਸ ਦੀ ਗੱਲ ਮੰਨਣੀ ਹੀ ਪਵੇਗੀ। ਸਾਡਾ ਕੋਈ ਚਾਰਾ ਨਹੀਂ। ਮਾਤਾ ਦੀਆਂ ਅੱਖਾਂ ਵਿੱਚੋਂ ਜ਼ਾਰੋ-ਜ਼ਾਰ ਪਾਣੀ ਵੱਗਣ ਲੱਗ ਪਿਆ। ਇਸ ਤਰ੍ਹਾਂ ਕਹਿ ਕੇ ਚੁੱਪ ਕਰ ਗਈ ਤੇ ਪ੍ਰਮਾਤਮਾ ਦਾ ਸ਼ੁਕਰ ਕਰਨ ਲੱਗੀ ਕਿ ਮੇਰਾ ਪੁੱਤਰ ਬਚ ਗਿਆ ਹੈ।

## ਧੀਰ ਮੱਲ ਦੀਆਂ ਚੀਜ਼ਾਂ ਮੋੜਨੀਆਂ

ਮਾਤਾ ਦੇ ਬਚਨ ਸੁਣ ਕੇ ਸਤਿਗੁਰਾਂ ਨੇ ਮੱਖਣ ਸ਼ਾਹ ਨੂੰ ਦੁਚਿਤਾ ਤੇ ਉਦਾਸ ਵੇਖ ਕੇ ਧੀਰਜ ਦਿੱਤਾ ਤੇ ਕਿਹਾ ਕਿ ਮੱਖਣ ਸ਼ਾਹ! ਹੁਣ ਦੇਰ ਨਾ ਕਰੋ। ਜਿਤਨੀਆਂ ਚੀਜ਼ਾਂ ਦੇ ਧਨ ਧੀਰ ਮੱਲ ਦਾ ਹੈ, ਉਹ ਵੀ ਅਤੇ ਆਪਣਾ ਧਨ ਤੇ ਚੀਜ਼ਾਂ ਵੀ ਸਭ ਧੀਰ ਮੱਲ ਨੂੰ ਮੋੜ ਦੇਵੋਂ। ਮੱਖਣ ਸ਼ਾਹ! ਇਹ ਮਾਇਆ ਚੰਚਲ ਹੈ। ਜਦੋਂ ਆਉਂਦੀ ਹੈ, ਉਦੋਂ ਸੁੱਖ ਦੇਂਦੀ ਹੈ। ਤੇ ਜਾਣ ਲੱਗਿਆਂ ਕਲੇਜਾ ਸਾੜਦੀ ਹੈ। ਤੂੰ ਚਿੰਤਾ ਕਿਉਂ ਕਰਦਾ ਹੈ! ਛੇਤੀਂ ਧੀਰ ਮਲ ਨੂੰ ਧਨ ਵਾਪਸ ਕਰੋ ਤਾਂ ਕਿ ਉਸ ਦੇ ਦਿਲ ਦਾ ਦੁੱਖ ਦੂਰ ਹੋਵੇ। ਉਹ ਧਨ ਦਾ ਲਾਲਚੀ ਹੈ। ਰਾਤ ਦਿਨ ਧਨ ਚਾਹੁੰਦਾ ਹੈ। ਰਾਤ ਦਿਨ ਉਸਦੇ ਹਿਰਦੇ ਨੂੰ ਧਨ ਦੀ ਤ੍ਰਿਸ਼ਨਾ ਸਾੜ ਰਹੀ ਹੈ। ਮੱਖਣ ਸ਼ਾਹ ਦਾ ਮਨ-ਹਾਥੀ ਸਤਿਗੁਰਾਂ ਦੇ ਬਚਨ ਰੂਪੀ ਸੰਗਲ ਨਾਲ ਬੰਨ੍ਹਿਆ ਗਿਆ। ਹੱਥ ਜੋੜ ਕੇ ਕਹਿਣ ਲੱਗਾ ਕਿ ਸਤਿਗੁਰੂ ਜੀ! ਮੇਰਾ ਮਨ ਆਪ ਜੀ ਦੇ ਬਚਨਾਂ ਅਨੁਸਾਰ ਹੈ। ਜਿਸ ਤਰ੍ਹਾਂ ਆਪ ਜੀ ਦੀ ਆਗਿਆ ਹੋਵੇ, ਉਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ।

ਸਤਿਗੁਰੂ ਜੀ ਦੀ ਮਾਤਾ ਦੇ ਵੇਖਦਿਆਂ ਹੀ ਮੱਖਣ ਸ਼ਾਹ ਨੇ ਆਪਣੇ ਦਾਸਾਂ ਨੂੰ ਕਹਿ ਦਿੱਤਾ ਕਿ ਧੀਰ ਮੱਲ ਨੂੰ ਧਨ ਸਮੇਤ ਸਾਰਾ ਸਾਮਾਨ ਮੋੜ ਆਵੋ ਅਤੇ ਉਸਨੂੰ ਚੰਗੀ ਤਰ੍ਹਾਂ ਸੁਣਾ ਕੇ ਕਹਿ ਆਵੋ ਕਿ ਇਹ ਸਤਿਗੁਰਾਂ ਦੀ ਵਡਿਆਈ ਹੈ ਕਿ ਬੁਰਾ ਕਰਨ ਵਾਲੇ ਦਾ ਵੀ ਭਲਾ ਕਰ ਰਹੇ ਹਨ ਅਤੇ ਅਪਰਾਧੀਆਂ ਨੂੰ ਭੀ ਉਨ੍ਹਾਂ ਦਾ ਲੁੱਟਿਆ ਮਾਲ ਧਨ ਫਿਰ ਮੋੜ ਦਿੱਤਾ ਹੈ। ਚੰਗਾ ਹੋਇਆ ਜੋ ਸ਼ਸਤਰ ਨਹੀਂ ਚੱਲੇ, ਜੇਕਰ ਸ਼ਸਤਰ ਚਲਦੇ ਤਾਂ ਤੂੰ ਕਿੱਧਰੇ ਢੂੰਡਿਆਂ ਨਹੀਂ ਸੀ ਲੱਭਣਾ। ਤੇ ਹੁਣ ਤੂੰ ਜਿਉਂਦਾ ਰਿਹਾ ਹੈਂ। ਇਸ ਤਰ੍ਹਾਂ ਦਾ ਮੁੜ ਕੇ ਕੰਮ ਨਾ ਕਰੀਂ।

ਜਿਸ ਤਰ੍ਹਾਂ ਮੱਖਣ ਨੇ ਆਪਣੇ ਦਾਸਾਂ ਨੂੰ ਕਿਹਾ ਸੀ, ਉਨ੍ਹਾਂ ਉਸੇ ਤਰ੍ਹਾਂ ਹੀ ਜਾ ਕੇ ਚੰਗੀ ਤਰ੍ਹਾਂ ਖੜਕਾ ਕੇ ਮੱਖਣ ਸ਼ਾਹ ਵੱਲੋਂ ਕਹਿ ਦਿੱਤਾ। ਮੱਖਣ ਸਾਹ ਦੇ ਤੀਰ-ਰੂਪੀ ਬਚਨਾਂ ਨੇ ਧੀਰ ਮੱਲ ਦਾ ਹਿਰਦਾ ਵਿੰਨ੍ਹ ਦਿੱਤਾ ਅਤੇ ਧੀਰ ਮਲ ਸ਼ਰਮ ਦਾ ਮਾਰਿਆ, ਧਨ ਤੇ ਲਾਲਚੀ ਦੀਆਂ ਅੱਖਾਂ ਉਤਾਂਹ ਨਹੀਂ ਹੋਈਆਂ ਤੇ ਹੇਠਾਂ ਧੌਣ ਸੁੱਟ ਕੇ ਬੈਠਾ ਰਿਹਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ

ਤਿਆਗ ਭਾਵਨਾ ਅਤੇ ਉਨ੍ਹਾਂ ਦੀ ਵਡਿਆਈ ਜਾਣ ਕੇ ਸ਼ਰਮਿੰਦਾ ਹੋ ਗਿਆ। ਆਪਣਾ ਭਲਾ ਵੀ ਇਸੇ ਵਿੱਚ ਸਮਝਿਆ, ਪਰ ਤਾਂ ਭੀ ਬਹੁਤ ਦੁਖੀ, ਕਿਸੇ ਵੱਲ ਦੇਖਦਾ ਵੀ ਨਹੀਂ ਸੀ। ਮਾਨੋ ਸ਼ਰਮ ਨਾਲ ਮਰਦਾ ਹੀ ਜਾ ਰਿਹਾ ਸੀ। ਧੀਰ ਮੱਲ ਮਨ ਵਿੱਚ ਸੋਚਣ ਲੱਗਾ ਕਿ ਮੈਂ ਭਾਰੀ ਅਪਰਾਧ ਕੀਤਾ ਹੈ। ਮੈਂ ਉਨ੍ਹਾਂ ਦੀ ਮੌਤ ਕਰਨ ਤੱਕ ਜਤਨ ਕੀਤਾ। ਉਨ੍ਹਾਂ ਮੇਰੇ ਏਡੇ ਵੱਡੇ ਅਪਰਾਧ ਨੂੰ ਨਹੀਂ ਚਿਤਰਿਆ। ਉਲਟਾ ਮੇਰਾ ਧਨ ਤੇ ਸਾਰਾ ਸਮਾਨ ਮੋੜ ਕੇ ਮੇਰਾ ਭਲਾ ਕੀਤਾ ਹੈ। ਇਸ ਲਈ ਗੁਰਿਆਈ ਦੇ ਗੁਣ ਜਿਸ ਤਰ੍ਹਾਂ ਦੇ ਇਨ੍ਹਾਂ ਵਿੱਚ ਹਨ, ਇਸ ਤਰ੍ਹਾਂ ਦੇ ਗੁਣ ਕਿਸੇ ਹੋਰ ਵਿੱਚ ਨਹੀਂ ਹੋ ਸਕਦੇ। ਇਸ ਲਈ ਗੁਰਿਆਈ ਦੇ ਯੋਗ ਇਹੋ ਹੀ ਹੋ ਸਕਦੇ ਹਨ। ਧੰਨ ਹਨ ਸ੍ਰੀ ਤੇਗ ਬਹਾਦਰ ਸਾਹਿਬ, ਜਿਨ੍ਹਾਂ ਮੇਰਾ ਔਗੁਣ ਨਹੀਂ ਚਿਤਾਰਿਆ। ਇਸ ਤਰ੍ਹਾਂ ਧੀਰ ਮੱਲ ਸੋਚਾਂ ਵਿੱਚ ਡੁੱਬਾ ਪਸ਼ਚਾਤਾਪ ਕਰਨ ਲੱਗਾ ਅਤੇ ਆਪਣੇ ਆਪ ਨੂੰ ਲਾਅਨਤਾਂ ਪਾਣ ਲੱਗਾ।

ਧੀਰ ਮੱਲ ਨੂੰ ਉਦਾਸ ਦੇਖ ਕੇ ਮਸੰਦ ਉਸ ਨੂੰ ਧੀਰਜ ਦਿੰਦੇ ਤੇ ਕਹਿਣ ਲੱਗੇ ਕਿ ਬਿਭੂਤੀ ਵਿੱਚ ਤੁਹਾਡਾ ਘਰ ਸਭ ਤੋਂ ਵੱਡਾ ਹੈ। ਦੇਸ਼ ਦੇਸ਼ਾਂਤਰਾਂ ਤੋਂ ਲੋਕ ਆ ਕੇ ਤੁਹਾਨੂੰ ਪੂਜਦੇ ਹਨ। ਇੱਕ ਪ੍ਰਦੇਸੀ ਮੂਰਖ ਸਿੱਖ ਨੇ ਜਿਹੜੀ ਗੱਲ ਉਸਨੂੰ ਕਰਨ ਯੋਗ ਨਹੀਂ, ਉਹ ਉਸ ਨੇ ਕੀਤੀ ਹੈ। ਉਨ੍ਹਾਂ ਸੋਚਿਆ ਹੋਏਗਾ ਕਿ ਜਦੋਂ ਇਹ ਪ੍ਰਦੇਸੀ ਸਿੱਖ ਮੱਖਣ ਸ਼ਾਹ ਚਲਾ ਜਾਵੇਗਾ, ਫਿਰ ਮੈਂ ਇਕੱਲਾ ਹੀ ਰਹਿ ਜਾਣਾ ਹੈ, ਫਿਰ ਮੇਰੀ ਸਹਾਇਤਾ ਕਿਸ ਨੇ ਕਰਨੀ ਹੈ। ਇਸ ਲਈ ਉਨ੍ਹਾਂ ਡਰਦਿਆਂ ਨੇ ਸਾਰਾ ਸਾਮਾਨ ਤੇ ਧਨ ਮੋੜ ਦਿੱਤਾ ਹੈ। ਧੀਰ ਮੱਲ ਜੀ, ਤੁਸੀਂ ਖੁਸ਼ ਹੋਵੋ। ਧਨ ਸਮੇਤ ਸਾਰੀਆਂ ਚੀਜ਼ਾਂ ਸੰਭਾਲ ਕੇ ਆਪਣੇ ਘਰ ਰੱਖੋ, ਗੱਦੀ ਤੇ ਬੈਠੋ ਤੇ ਉਦਾਸ ਨਾ ਹੋਵੋ। ਜੇਕਰ ਤੁਸੀਂ ਉਦਾਸ ਹੋਵੋਗੇ ਤਾਂ ਤੁਹਾਡੇ ਅੱਗੇ ਕੋਈ ਆ ਕੇ ਨਹੀਂ ਨਿਵੇਂਗਾ ਅਤੇ ਨਾ ਹੀ ਤੁਹਾਡੀ ਕੋਈ ਪੂਜਾ ਕਰੇਗਾ। ਇਸ ਤਰ੍ਹਾਂ ਮਹਾਂ ਪਾਪੀ ਸ਼ੀਹਾਂ ਮਸੰਦ, ਜਿਸ ਦੀ ਜਾਨ ਸਤਿਗੁਰਾਂ ਦੀ ਕਿਰਪਾ ਨਾਲ ਬਚੀ ਸੀ ਉਹ ਅਜੇ ਵੀ ਧੀਰ ਮੱਲ ਨੂੰ ਥੰਮ੍ਹੀਆਂ ਦੇ ਰਿਹਾ ਸੀ।

## ਧੀਰ ਮੱਲ ਦੀ ਬਾਬੇ ਬਕਾਲੇ ਤੋਂ ਵਾਪਸੀ

ਧੀਰ ਮੱਲ ਬਹੁਤ ਦੁਖੀ ਸੀ। ਮਸੰਦ ਦੀਆਂ ਕੁਝ ਗੱਲਾਂ ਸੁਣ ਕੇ ਥੋੜ੍ਹਾ ਧੀਰਜ ਕਰਕੇ ਕਹਿਣ ਲੱਗਾ-ਐ ਮਸੰਦ! ਜੇਕਰ ਮੈਨੂੰ ਗੁਰੂ ਤੇਗ ਬਹਾਦਰ ਮਰਵਾਉਣਾ ਚਾਹੁੰਦੇ ਤਾਂ ਮੈਨੂੰ ਇਹ ਮਰਵਾ ਸਕਦੇ ਸਨ। ਕਿਉਂਕਿ ਮੱਖਣ ਸ਼ਾਹ ਦੇ ਨਾਲ ਪੰਜ ਸੌ ਸੂਰਮਾ ਹੈ। ਤੇ ਉਨ੍ਹਾਂ ਦੇ ਕਹਿਣ ਦੀ ਦੇਰ ਸੀ ਕਿ ਸਾਨੂੰ ਉਨ੍ਹਾਂ ਪਲਾਂ ਵਿੱਚ ਖਤਮ ਕਰ ਦੇਣਾ ਸੀ। ਭਾਵੇਂ ਮੈਂ ਬਚ ਗਿਆ ਹਾਂ। ਪਰ ਮੇਰੀ ਇੱਜ਼ਤ ਵਿੱਚ ਫਰਕ ਪੈ ਗਿਆ ਹੈ। ਮੇਰਾ ਅਪਜੱਸ ਸਾਰੇ ਫੈਲ ਗਿਆ ਹੈ। ਇਹ ਕਾਰਾ ਛੁਪਿਆ ਨਹੀਂ ਰਹੇਗਾ। ਮੈਂ ਹੁਣ ਸਭਾ ਵਿੱਚ ਸ਼ਰਮਿੰਦਾ ਹੋ ਕੇ ਕਿਸ ਤਰ੍ਹਾਂ ਬੈਠ ਸਕਦਾ ਹਾਂ।

ਮੈਂ ਕਰਤਾਰਪੁਰ ਹੁੰਦਾ ਤਾਂ ਮੇਰੀ ਇਸ ਤਰ੍ਹਾਂ ਬੇਇੱਜ਼ਤੀ ਨਾ ਹੁੰਦੀ। ਤੂੰ ਮੈਨੂੰ ਕਈ ਤਰ੍ਹਾਂ ਦੇ ਉਪਦੇਸ਼ ਦੇ ਕੇ ਇੱਥੇ ਲਿਆਇਆ। ਤਾਂ ਸਾਡੀ ਇਹ ਹਾਲਤ ਹੋਈ। ਫਿਰ ਜਦੋਂ ਤੂੰ ਗੁਰੂ ਤੇਗ ਬਹਾਦਰ ਤੇ ਹਮਲਾ ਕਰਨ ਲੱਗਾ ਸੈਂ, ਮੈਂ ਤੈਨੂੰ ਰੋਕਿਆ, ਪਰ ਤੂੰ ਮੇਰੇ ਕਹਿਣ ਤੇ ਵੀ ਨਾ ਰੁਕਿਆ। ਤੂੰ ਮੇਰਾ ਅਪਜੱਸ ਕਰਾਇਆ ਤੇ ਇਤਨੇ ਭਾਰੀ ਸੰਕਟ ਵਿੱਚ ਪਾਇਆ। ਮੈਂ ਹੁਣ ਇੱਥੇ ਰਾਤ ਵੀ ਨਹੀਂ ਰਹਿਣਾ ਚਾਹੁੰਦਾ। ਮੈਂ ਹੁਣ ਇੱਥੇ ਕਿਸੇ ਨੂੰ ਮੂੰਹ ਵੀ ਨਹੀਂ ਵਿਖਾਉਣਾ ਚਾਹੁੰਦਾ। ਚੰਗੇ ਗੁਰਿਆਈ ਲੈਣ ਆਏ, ਅਗਲੀ ਵੀ ਗੁਆ ਚੱਲੇ ਹਾਂ। ਮੈਂ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਚਲੇ ਜਾਣਾ ਹੈ। ਇਸ ਤਰ੍ਹਾਂ ਧੀਰ ਮੱਲ ਨੇ ਆਪਣੀ ਸਾਰੀ ਤਿਆਰੀ ਕਰ ਲਈ। ਸਭ ਸਮਾਨ ਸੰਭਾਲ ਕੇ ਆਪਣੇ ਨਾਲ ਲੈ ਲਿਆ ਤੇ ਰਾਤੋ ਰਾਤ ਕਰਤਾਰਪੁਰ ਪੁੱਜ ਗਿਆ।

## ਮੱਖਣ ਸ਼ਾਹ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ

ਸਵੇਰ ਹੋਈ। ਬਕਾਲੇ ਦੇ ਲੋਕਾਂ ਵੇਖਿਆ ਕਿ ਧੀਰ ਮੱਲ ਦਾ ਡੇਰਾ ਖਾਲੀ ਪਿਆ ਸੀ ਤੇ ਮਲੂਮ ਹੁੰਦਾ ਸੀ ਕਿ ਉਹ ਰਾਤੋ ਰਾਤ ਚਲਾ ਗਿਆ ਹੈ। "ਉਹ ਕਿਸ ਤਰ੍ਹਾਂ ਇੱਥੇ ਰਹਿ ਸਕਦਾ ਸੀ! ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਉਤੇ ਗੋਲੀ ਚਲਾ ਕੇ ਬੜਾ ਖੋਟਾ ਕਰਮ ਕੀਤਾ ਸੀ।" ਇਸ ਤਰ੍ਹਾਂ ਪਿੰਡ ਦੇ ਲੋਕ ਆਪਸ ਵਿੱਚ ਗੱਲਾਂ ਕਰ ਰਹੇ ਸਨ।

ਇਸ ਤਰ੍ਹਾਂ ਮੱਖਣ ਸ਼ਾਹ ਨੂੰ ਕਈ ਦਿਨ ਸਤਿਗੁਰਾਂ ਦੇ ਪਾਸ ਰਹਿੰਦਿਆਂ ਬੀਤ ਗਏ। ਸਤਿਗੁਰੂ ਜੀ ਮੱਖਣ ਸ਼ਾਹ ਨੂੰ ਭਗਤੀ ਅਤੇ ਗਿਆਨ ਦਾ ਸੁੰਦਰ ਉਪਦੇਸ਼ ਦਿੰਦੇ, ਜਿਸ ਨੂੰ ਸੁਣ ਕੇ ਮੱਖਣ ਸ਼ਾਹ ਸੁੱਖ ਪ੍ਰਾਪਤ ਕਰਦਾ। ਇੱਕ ਦਿਨ ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਵਿਸਾਖੀ ਪੂਰਬ ਆਇਆ ਹੈ। ਜੇਕਰ ਆਪ ਦਾਸ ਨੂੰ ਆਗਿਆ ਬਖਸ਼ੋ ਤਾਂ ਮੈਂ ਸਤਿਗੁਰੂ ਜੀ ਦੇ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਕਰ ਲਵਾਂ ਅਤੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਪਾਪਾਂ ਦੀ ਨਵਿਰਤੀ ਕਰਾਂ। ਦਰਸ਼ਨ ਕਰਕੇ ਮੈਂ ਫਿਰ ਆਪ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਜਾਵਾਂਗਾ।

ਸਤਿਗੁਰਾਂ ਕਿਹਾ-ਚੰਗੀ ਗੱਲ ਹੈ। ਕੋਈ ਬਹੁਤ ਦੂਰ ਨਹੀਂ, ਅਸੀਂ ਵੀ ਚੱਲਦੇ ਹਾਂ। ਸਤਿਗੁਰਾਂ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਆਵਾਂਗੇ। ਮੱਥਾ ਟੇਕ ਆਵਾਂਗੇ ਤੇ ਇਸ਼ਨਾਨ ਕਰ ਆਵਾਂਗੇ। ਸਤਿਗੁਰਾਂ ਮੱਖਣ ਸਾਹ ਨੂੰ ਆਗਿਆ ਦਿੱਤੀ ਕਿਹਾ ਕਿ ਤਿਆਰ ਹੋ ਜਾਵੇ। ਮੱਖਣ ਸ਼ਾਹ ਸੁਣ ਕੇ ਮਨ ਵਿੱਚ ਬਹੁਤ ਖੁਸ਼ ਹੋਇਆ। ਆਪਣੇ ਬਹੁੜ ਵੱਡੇ ਭਾਗ ਸਮਝੇ ਤੇ ਤਿਆਰ ਹੋ ਕੇ ਸਤਿਗੁਰਾਂ ਦੇ ਪਾਸ ਪੁੱਜ ਗਿਆ।

ਹੱਥ ਜੋੜ ਕੇ ਨਮਸਕਾਰ ਕੀਤੀ ਤੇ ਪੁੱਛਿਆ ਕਿ ਸਤਿਗੁਰੂ ਜੀ! "ਆਪ ਕਿਸ ਤੇ ਸੁਆਰੀ ਕਰੋਗੇ, ਜਿਸ ਤੇ ਤੁਸੀਂ ਸੁਖ ਪੂਰਵਕ ਬੈਠ ਸਕੋ, ਉਹ ਮੰਗਵਾਵਾਂ? ਸਤਿਗੁਰਾਂ ਕਿਹਾ ਕਿ ਕੋਈ ਵੀ ਸੁਆਰੀ ਹੋਵੇ ਉਹੋ ਠੀਕ ਹੈ। ਮੱਖਣ ਸ਼ਾਹ ਨੇ ਚਿੱਟੇ ਰੰਗ ਦੀ ਬੜੀ ਸੁੰਦਰ ਘੋੜੀ ਮੰਗਵਾਈ। ਉਸਦੇ ਉਤੇ ਜੜਾਊ ਕਾਠੀ ਸਾਰੇ ਸਾਜ-ਸਮਾਨ ਸਮੇਤ ਬੜੀ ਸੱਜ ਰਹੀ ਸੀ। ਇਸ ਤੇ ਸਤਿਗੁਰੂ ਸਵਾਰ ਹੋਏ। ਮੱਖਣ ਸ਼ਾਹ ਸਤਿਗੁਰਾਂ ਦੇ ਪਿੱਛੇ ਬਹੁਤ ਸਾਰੇ ਸੂਰਮਿਆਂ ਦੀ ਭੀੜ ਲੈ ਕੇ ਤੁਰ ਪਿਆ। ਸਾਰਾ ਰਸਤਾ ਬੜੇ ਸੁੱਖ ਨਾਲ ਲੰਘ ਕੇ ਅੰਮ੍ਰਿਤਸਰ ਪੁੱਜ ਗਏ।

(ਚੱਲਦਾ)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਗਤੀਵਿਧੀਆਂ



**352 ਵਾਂ "ਗੁਰੂ ਲਾਧੋ ਰੇ" ਦਿਵਸ ਮਨਾਉਣ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਲੋਂ 352 ਵਾਂ "ਗੁਰੂ ਲਾਧੋ ਰੇ" ਦਿਵਸ ਮਿਤੀ 11 ਅਕਤੂਬਰ, 2015 ਨੂੰ ਧੂਮ-ਧਾਮ ਤੇ ਸ਼ਰਧਾ ਨਾਲ ਚੰਡੀਗੜ੍ਹ, ਮੋਹਾਲੀ, ਪੰਚਕੂਲਾ, ਪੰਜਾਬ, ਹਰਿਆਣਾ, ਹਿਮਾਚਲ, ਗੁਜਰਾਤ ਅਤੇ ਜੰਮੂ ਕਸ਼ਮੀਰ ਦੀਆਂ ਸੰਗਤਾਂ ਅਤੇ ਹੋਰ ਮੈਂਬਰਾਨ ਦੇ ਪੂਰਨ ਸਹਿਯੋਗ ਨਾਲ ਸੰਗਤਾਂ ਦੇ ਭਾਰੀ ਇਕੱਠ ਨਾਲ ਲਬਾਣਾ ਭਵਨ, ਸੈਕਟਰ 30-ਏ, ਚੰਡੀਗੜ੍ਹ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੀਬੀ ਗੁਲਸ਼ਨ ਕੌਰ ਉਲਹਾਸਨਗਰ (ਮਹਾਰਾਸ਼ਟਰਾ) ਵਲੋਂ ਮਨੋਹਰ ਕੀਰਤਨ ਦੁਆਰਾ ਸੇਵਾ ਨਿਭਾਈ। ਬਾਅਦ ਵਿਚ ਭਾਈ ਦਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਭਾਈ ਗਗਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ "ਗੁਰੂ ਲਾਧੋ ਰੇ" ਦਿਵਸ ਨੂੰ ਸਮਰਪਿਤ ਹੋਏ। ਇਸ ਮੌਕੇ ਪ੍ਰਧਾਨ ਸ. ਗੁਰਚਰਨ ਸਿੰਘ ਅਤੇ ਸਮੂਹ ਮੈਨੇਜਮੈਂਟ ਨੇ ਸੰਗਤਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਉਚੇਚੇ ਤੌਰ ਤੇ ਸ. ਲਖਵਿੰਦਰ ਸਿੰਘ ਲੱਖੀ, ਗਿਲਜੀਆਂ ਜ਼ਿਲ੍ਹਾ ਹੁਸ਼ਿਆਰਪੁਰ ਜੋ ਕਿ ਸਾਬਕਾ ਜ਼ਿਲ੍ਹਾ ਚੇਅਰਮੈਨ ਅਤੇ ਪ੍ਰਧਾਨ ਮਾਈਨਾਰਿਟੀ ਹੁਸ਼ਿਆਰਪੁਰ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਭਵਨ ਦੀ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਸ. ਬਲਬੀਰ ਸਿੰਘ ਸਿੱਧੂ ਐਮ.ਐਲ.ਏ. ਮੋਹਾਲੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਸੰਗਤਾਂ ਦੇ ਦਰਸ਼ਨ ਕੀਤੇ। ਇਸ ਤੋਂ ਇਲਾਵਾ ਸ. ਜਸਵੰਤ ਸਿੰਘ ਬਿੱਟੂ, ਸ. ਮੱਖਣ ਸਿੰਘ ਅੰਬਾਲਾ ਪ੍ਰੋਗਰੈਸਿਵ ਲੁਬਾਣਾ ਫਰੰਟ, ਹਰਿਆਣਾ ਜੋ ਕਿ ਇਕ ਉੱਘੇ ਟਰਾਂਸਪੋਰਟਰ ਅਤੇ ਬਿਜਨਸਮੈਨ ਅਤੇ ਜ਼ਿਲ੍ਹਾ ਅਗਜੈਕਟਿਵ ਕਮੇਟੀ (INLD) ਦੇ ਮੈਂਬਰ ਹਨ ਨੇ ਵਿਚਾਰ ਸਾਂਝੇ ਕੀਤੇ। ਸ. ਗੁਰਦਿਆਲ ਸਿੰਘ ਘੋਤੜਾ ਨੇ ਵੀ ਬਾਬਾ ਜੀ ਦੇ ਸਨਮੁੱਖ ਹੋ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪ੍ਰਧਾਨ ਸ. ਗੁਰਚਰਨ ਸਿੰਘ ਨੇ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਬਾਬਾ ਜੀ ਵਲੋਂ ਗੁਰੂ ਨਾਨਕ ਜੀ ਦੀ ਜੋਤ ਦੇ ਮੌਜੂਦ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਉਨ੍ਹਾਂ ਨੂੰ ਇਹ ਮਹਾਨ ਸੇਵਾ ਪ੍ਰਦਾਨ ਕੀਤੀ। ਜਿਸ ਕਾਰਨ ਗੁਰੂ ਤੇਗ ਬਹਾਦੁਰ ਸਾਹਿਬ ਜੀ ਪ੍ਰਗਟ ਹੋਏ ਅਤੇ ਨਕਲੀ ਬਣ ਬੈਠੇ ਦੰਭੀ ਗੁਰੂਆਂ ਦਾ ਪਰਦਾਫਾਸ਼ ਕੀਤਾ। ਜੇ ਇਹ ਕਾਂਡ ਨਾ ਵਾਪਰਦਾ ਤਾਂ ਸਿੱਖ ਇਤਿਹਾਸ ਹੀ ਨਹੀਂ ਸਗੋਂ ਹਿੰਦੁਸਤਾਨ ਦਾ ਇਤਿਹਾਸ ਇਹੋ ਜਿਹਾ ਨਾ ਰਹਿੰਦਾ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਨਾਂ ਹਮੇਸ਼ਾ ਇਤਿਹਾਸ ਵਿਚ ਚਮਕਦਾ ਰਹੇਗਾ।

ਇਸ ਮੌਕੇ 'ਤੇ ਬਹੁਤ ਹੀ ਉੱਚ ਸ਼ਖ਼ਸੀਅਤਾਂ ਅਤੇ ਬੁੱਧੀਜੀਵੀਆਂ ਨੇ ਭਾਗ ਲਿਆ ਜਿਸ ਵਿਚ ਮੈਨੇਜਮੈਂਟ ਵਲੋਂ ਸ. ਹਰਬੰਸ ਸਿੰਘ ਨਿਗਰਾਨ ਇੰਜੀ. ਰਿਟਾ.) ਨੇ ਬਤੌਰ ਜਨਰਲ ਸਕੱਤਰ ਦੀ ਸੇਵਾ ਨਿਭਾਈ ਅਤੇ ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ ਨੇ ਪੂਰਨ ਸਹਿਯੋਗ ਦਿੱਤਾ। ਇੰਜੀ. ਭਗਵਾਨ ਸਿੰਘ ਲੁਬਾਣਾ ਰਿਜ਼ਨਲ ਪ੍ਰਧਾਨ ਅਤੇ ਐਡੀਟਰ ਲੁਬਾਣਾ ਸੇਵਕ ਮੈਗਜ਼ੀਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਹੋਣਹਾਰ ਬੱਚੀ ਪ੍ਰੀਤਜੋਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇੰਜੀ. ਹਰਭਜਨ ਸਿੰਘ ਸਾਬਕਾ ਪ੍ਰਧਾਨ ਨੇ ਇਸ ਮੌਕੇ ਤੇ 55000/- ਰੁਪਏ ਭਵਨ ਨੂੰ ਭੇਟ ਕੀਤੇ। ਇਸ ਮੌਕੇ ਤੇ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.), ਸਾਬਕਾ ਪ੍ਰਧਾਨ, ਸ. ਪ੍ਰੀਤਮ ਸਿੰਘ ਨੌਰੰਗਪੁਰ ਸਾਬਕਾ ਪ੍ਰਧਾਨ, ਸ. ਬਲਵਿੰਦਰ ਸਿੰਘ

ਮੁਲਤਾਨੀ, ਮੀਤ ਪ੍ਰਧਾਨ (ਹੈੱਡਕੁਆਰਟਰ, ਮੇਜਰ ਨਰਿੰਦਰ ਸਿੰਘ ਜਲੋ, ਸ. ਹਰਭਜਨ ਸਿੰਘ ਡੀ.ਆਈ.ਜੀ (ਰਿਟਾ.), ਮੇਜਰ ਨਿਰੰਜਨ ਸਿੰਘ ਮੁਲਤਾਨੀ ਸਾਬਕਾ ਜਨਰਲ ਮੈਨੇਜਰ, ਸੂਬੇਦਾਰ ਮੰਗਲ ਸਿੰਘ, ਕੈਪ. ਕਾਬਲ ਸਿੰਘ, ਸਰਦਾਰਨੀ ਹਰਪ੍ਰੀਤ ਕੌਰ ਪੇਲੀਆ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਗੁਰਚਰਨ ਸਿੰਘ ਪਾਲੀਆ, ਰੀਜ਼ਨਲ ਪ੍ਰਧਾਨ, ਕਰਨਲ ਜਗਤਾਰ ਸਿੰਘ ਮੁਲਤਾਨੀ ਸਾਬਕਾ ਜਨਰਲ ਸਕੱਤਰ, ਕਰਨਲ ਮੱਖਣ ਸਿੰਘ, ਬੀਬੀ ਜੋਗਿੰਦਰ ਕੌਰ, ਐਮ.ਸੀ, ਬੀਬੀ ਸੁਰਜੀਤ ਕੌਰ ਐਕਸ ਕਾਊਂਸਲਰ ਅਤੇ ਮੌਜੂਦਾ ਇਸਤਰੀ ਵਿੰਗ ਪ੍ਰਧਾਨ (ਅਕਾਲੀ ਦਲ) ਸਰਕਲ ਮੁਕੇਰੀਆਂ, ਮੇਜਰ ਤਰਲੋਕ ਸਿੰਘ, ਕਰਨਲ ਗੁਰਦੀਪ ਸਿੰਘ, ਕਰਨਲ ਕੇ.ਡੀ. ਸਿੰਘ, ਸ. ਨਿਰਮਲ ਸਿੰਘ, ਸ. ਰਾਜਿੰਦਰ ਸਿੰਘ ਅੰਬਾਲਾ, ਕੈਪਟਨ ਗੁਰਨਾਮ ਸਿੰਘ, ਕਰਨਲ ਅਮਰਜੀਤ ਸਿੰਘ, ਸੈਨ ਮਾਜਰਾ, ਸ. ਕੇਹਰ ਸਿੰਘ ਸਰਾਵਾਂ, ਸ. ਫਕੀਰ ਸਿੰਘ ਹਵੇਲੀਆ ਹੁਰਾਂ ਨੇ ਸੰਗਤਾਂ ਦੇ ਵੱਡੇ ਜੱਥਿਆਂ ਸਮੇਤ (ਬੱਸਾਂ) ਸੇਵਾ ਨਿਭਾਈ, ਸ. ਸਰਜੀਤ ਸਿੰਘ ਉੱਘੇ ਵਕੀਲ, ਕਰਨਲ ਗੁਰਦਿਤ ਸਿੰਘ, ਕਰਨਲ ਹਰਦਿੱਤ ਸਿੰਘ, ਸ. ਕੁਲਵੰਤ ਸਿੰਘ ਭੁੰਨਾ, ਸ. ਰਾਜਿੰਦਰ ਸਿੰਘ ਰਿਜਨਲ ਪ੍ਰਧਾਨ, ਸ. ਗੁਰਮੀਤ ਸਿੰਘ ਪੀ.ਸੀ. ਐਸ. ਅਤੇ ਸ. ਸੁਖਜੀਤ ਸਿੰਘ ਵਾਲੀਆ ਪ੍ਰੈਸ ਜਲੰਧਰ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

**ਐਮਬੂਲੰਸ ਕਮ ਮੋਬਾਇਲ ਵੈਨ ਪ੍ਰੋਜੈਕਟ ਦੀ ਸੰਪੂਰਨਤਾ** :- ਐਮਬੂਲੰਸ ਕਮ ਮੋਬਾਇਲ ਵੈਨ ਪ੍ਰੋਜੈਕਟ ਨੂੰ ਪੂਰੇ ਤੌਰ 'ਤੇ ਮੁਕੰਮਲ ਕਰਨ ਉਪਰੰਤ ਜਲੰਧਰ ਮੈਨੇਜਮੈਂਟ ਨੂੰ ਸੌਂਪਿਆ ਗਿਆ ਹੈ। ਇਹ ਐਮਬੂਲੰਸ ਕਮ ਮੋਬਾਇਲ ਵੈਨ ਪਿਛਲੀ 23-09-2015 ਨੂੰ ਕੀਤੀ ਗਈ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਜਲੰਧਰ ਕਮੇਟੀ ਨੂੰ ਸੌਂਪੀ ਗਈ ਸੀ। ਐਮਬੂਲੰਸ ਕਮ ਮੋਬਾਇਲ ਵੈਨ ਵਿਚ ਜੋ ਫਿਕਸਰਜ ਫਿਟ ਕੀਤੇ ਗਏ ਸਨ ਉਨ੍ਹਾਂ ਦੀ ਡੈਮੋਨਸਟਰੇਸ਼ਨ ਕੰਪਨੀ ਦੁਖਨਿਵਾਰਨ ਦੇ ਨੁਮਾਇਦੇ ਵੱਲੋਂ ਕਮੇਟੀ ਦੇ ਮੈਂਬਰਾਂ ਨੂੰ ਦਿੱਤੀ ਗਈ ਤਾਂ ਕਿ ਇਸ ਕਲੀਨਿਕਲ ਲੈੱਬ ਨੂੰ ਟੈਸਟ ਦੌਰਾਨ ਕਿਸੇ ਤਰ੍ਹਾਂ ਦੀ ਤਕਲੀਫ ਪੇਸ਼ ਨਾ ਆਵੇ। ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਅਤੇ ਜਲੰਧਰ ਮੈਨੇਜਮੈਂਟ ਕਮੇਟੀ ਨੂੰ ਸੌਂਪਣ ਵਿਚ ਲਗਪਗ 15 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਜਲੰਧਰ ਕਮੇਟੀ ਇਸ ਪ੍ਰੋਜੈਕਟ ਨੂੰ ਸ਼ਰਧਾਪੂਰਵਕ ਲੁਬਾਣਾ ਅਦਾਰੇ ਵਿਚ ਵਰਤਣਗੇ ਅਤੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਇਸ ਦਾ ਪੂਰੇ ਤੌਰ ਤੇ ਫਾਇਦਾ ਪਹੁੰਚਾਉਣਗੇ।

**ਪ੍ਰਧਾਨ ਜੀ ਦੇ ਦਫਤਰ ਦੇ ਉਦਘਾਟਨ ਬਾਰੇ** :- ਲੁਬਾਣਾ ਭਵਨ ਵਿਚ ਬਾਗਬਾਨੀ ਦੇ ਕੋਨੇ ਵਿਚ ਜੋ ਬਹੁਤ ਪੁਰਾਣਾ ਸ਼ੈਡ ਬਿਨਾਂ ਵਰਤੋਂ ਪਿਆ ਹੋਇਆ ਸੀ ਉਸ ਉੱਪਰ ਲਗਪਗ 1.50 ਲੱਖ ਰੁਪਏ ਖਰਚ ਕਰਕੇ ਪ੍ਰਧਾਨ ਜੀ ਦਾ ਦਫਤਰ ਬਣਾ ਕੇ ਪਿਛਲੀ 23-09-2015 ਨੂੰ ਹੋਈ ਵਰਕਿੰਗ ਕਮੇਟੀ ਮੀਟਿੰਗ ਦੌਰਾਨ ਪ੍ਰਧਾਨ ਜੀ ਅਤੇ ਮੈਂਬਰਾਂ ਵੱਲੋਂ ਉਦਘਾਟਨ ਕੀਤਾ ਗਿਆ ਅਤੇ ਦਫਤਰ ਨੂੰ ਮੁਕੰਮਲ ਤੌਰ 'ਤੇ ਵਰਤੋਂ ਵਿਚ ਲਿਆਂਦਾ ਜਾ ਚੁੱਕਾ ਹੈ।

**ਰੈਨੋਵੇਸ਼ਨ ਬਾਰੇ** :- ਆਮ ਪਬਲਿਕ ਦੀ ਸੁਵਿਧਾ ਲਈ ਬਾਥਰੂਮਾਂ (Toilets) ਦੀ ਰੈਨੋਵੇਸ਼ਨ ਜੋ ਸ਼ੁਰੂ ਕੀਤੀ ਗਈ ਸੀ ਉਸ ਨੂੰ ਮੁਕੰਮਲ ਕਰ ਦਿੱਤਾ ਗਿਆ ਹੈ ਅਤੇ ਆਮ ਪਬਲਿਕ ਲਈ ਇਹ ਸੁਵਿਧਾ ਲੁਬਾਣਾ ਭਵਨ ਦੇ ਕੰਪਲੈਕਸ ਵਿਚ ਕੀਤੀ ਗਈ ਹੈ ਜਿਸ ਨਾਲ ਭਵਨ ਦੇ ਰੱਖ ਰਖਾਅ ਤੇ ਸਫਾਈ ਵਿਚ ਵਾਧਾ ਹੋਣ ਦੀ ਪੂਰੀ ਸੰਭਾਵਨਾ ਹੈ।

**ਰਿਹਾਇਸ਼ੀ ਅਤੇ ਨੋਨ ਰਿਹਾਇਸ਼ੀ ਬੁਕਿੰਗ ਬਾਰੇ** :- ਰਿਹਾਇਸ਼ੀ ਅਤੇ ਨੋਨ ਰਿਹਾਇਸ਼ੀ ਬੁਕਿੰਗ ਰਾਹੀਂ ਸਤੰਬਰ ਮਹੀਨੇ ਦੋਰਾਨ 7.50 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ ਅਤੇ ਆਸ ਹੈ ਕਿ ਅਕਤੂਬਰ 2015 ਵਿਚ ਬੁਕਿੰਗ ਆਮਦਨ ਲਗਪਗ 10 ਲੱਖ ਰੁਪਏ ਹੋ ਜਾਵੇਗੀ ਜਿਸ ਤੋਂ ਸਰਾਸਰ ਮੈਨੇਜਮੈਂਟ ਦੀ ਕਾਰਗੁਜ਼ਾਰੀ ਵਿਚ ਕੀਤੇ ਗਏ ਯਤਨ ਸਪੱਸ਼ਟ ਹੁੰਦੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਆਮਦਨ ਲਗਾਤਾਰ ਇਸੇ ਤਰ੍ਹਾਂ ਹੀ ਹੁੰਦੀ ਰਹੇਗੀ।

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਵਿਚ ਮੈਡੀਕਲ ਹੈਲਥ ਕੇਅਰ ਸੈਂਟਰ ਚਲਾਇਆ ਜਾ ਰਿਹਾ ਹੈ ਜਿਸ ਵਿਚ ਮੈਡੀਕਲ ਓ.ਪੀ.ਡੀ., ਡੈਂਟਲ ਕਲੀਨਿਕ ਸੇਵਾ ਅਤੇ ਕਲੀਨਿਕਲ ਲੈੱਬ ਦੀਆਂ ਸੇਵਾਵਾਂ ਉਪਲਬਧ ਹਨ। ਮੈਡੀਕਲ ਓ.ਪੀ.ਡੀ. ਵਿਚ ਮੁਫਤ ਸੇਵਾਵਾਂ ਦੇ ਨਾਲ-ਨਾਲ ਲੋੜਵੰਦਾਂ ਨੂੰ ਮੁਫਤ ਦਵਾਈਆਂ ਵੀ ਉਪਲਬਧ ਕਰਾਈਆਂ ਜਾ ਰਹੀਆਂ ਹਨ। ਡੈਂਟਲ ਕਲੀਨਿਕ ਦੇ ਰੇਟ ਅਤੇ ਕਲੀਨਿਕਲ ਲੈਬ ਦੇ ਰੇਟ ਵੀ ਬਜ਼ਾਰ ਨਾਲੋਂ ਬਹੁਤ ਘੱਟ ਚਾਰਜ ਕੀਤੇ ਜਾਂਦੇ ਹਨ। ਜੁਲਾਈ 2015 ਤੋਂ ਸਤੰਬਰ 2015 ਦੇ ਮਹੀਨੇ ਵਿਚ ਲੁਬਾਣਾ ਭਵਨ ਵਿਚ ਹੇਠ ਦਿੱਤੇ ਵੇਰਵੇ ਅਨੁਸਾਰ ਮਰੀਜ਼ਾਂ ਨੂੰ ਸੇਵਾਵਾਂ ਉਪਲਬਧ ਕਰਾਈਆਂ ਗਈਆਂ ਹਨ।

| ਲੜੀ ਨੰ. | ਮੈਡੀਕਲ ਹੈਲਥ ਕੇਅਰ ਸੈਂਟਰ | ਜੁਲਾਈ | ਅਗਸਤ | ਸਤੰਬਰ |
|---|---|---|---|---|
| 1. | ਮੈਡੀਕਲ ਕਲੀਨਿਕ | 238 | 254 | |
| 2. | ਡੈਂਟਲ ਕਲੀਲਿਕ | --- | 105 | |
| 3. | ਕਲੀਨਿਕਲ ਲੈੱਬ | 7 | 71 | |

**(ਹਰਬੰਸ ਸਿੰਘ)**

**ਜਨਰਲ ਸਕੱਤਰ**

# ਇਹ ਸਰਹੱਦਾਂ ਕਿਨ੍ਹਾਂ ਲਈ ਹਨ?

**"ਕਿਹੜਾ ਪਾਕਿਸਤਾਨੀ ਤੇ ਕਿਹੜਾ ਹਿੰਦੁਸਤਾਨੀ? ਕਿਹੜਾ ਸਿੱਖ, ਹਿੰਦੂ ਜਾਂ ਮੁਸਲਮਾਨ? ਮੇਰੇ ਤੋਂ ਅੱਧ ਦੀ ਉਮਰ ਦੀ ਖੜ੍ਹੀ ਉਹ ਬੱਚੀ ਮੈਨੂੰ ਤਾਂ ਆਪਣੇ ਹੀ ਦਿਲ ਦਾ ਇਕ ਹਿੱਸਾ ਜਾਪ ਰਹੀ ਸੀ ਜਿਸ ਦੀ ਮਿਸਾਲ ਮੈਂ ਬਾਕੀਆਂ ਨੂੰ ਦਿੱਤੇ ਬਿਨ੍ਹਾਂ ਰਹਿ ਨਹੀਂ ਸਕਦੀ। ਕਿੰਨੀ ਖ਼ੂਬਸੂਰਤੀ ਨਾਲ ਉਸਨੇ ਆਪਣਾ ਦਰਦ ਛੁਪਾ ਲਿਆ ਹੋਇਆ ਸੀ ਤੇ ਏਨੀ ਛੋਟੀ ਉਮਰ ਵਿਚ ਉਹ ਓਹ ਕੁੱਝ ਸਿਖ ਗਈ ਸੀ ਜੋ ਕਈ ਵਾਰ ਪੂਰੀ ਉਮਰ ਲੰਘਾ ਕੇ ਵੀ ਬੰਦਾ ਨਹੀਂ ਸਮਝਦਾ ਕਿ ਜ਼ਿੰਦਗੀ ਕਿਸ ਤਰ੍ਹਾਂ ਜੀਵੀਦੀ ਹੈ।**

**ਉਸ ਜੱਫੀ ਵਿੱਚੋਂ ਬਾਹਰ ਨਿਕਲਦਿਆਂ ਹੀ ਹੰਝੂ ਪੂੰਝ ਕੇ ਮੁਸਕੁਰਾ ਕੇ ਅੰਗਰੇਜ਼ੀ ਵਿਚ ਕਿਹਾ, "ਮੈਂ ਤੁਹਾਨੂੰ ਦੁੱਖ ਨਹੀਂ ਦੇਣਾ। ਮੈਂ ਤਾਂ ਆਪਣੀ ਮਰਜ਼ੀ ਨਾਲ ਇਹ ਫੈਸਲਾ ਲਿਆ ਹੈ ਕਿ ਮਰਨਾ ਤਾਂ ਹੈ ਹੀ ਪਰ ਟੀਕੇ ਲੁਆ ਕੇ, ਵਾਲ ਲੁਹਾ ਕੇ, ਬਦਸੂਰਤ ਬਣ ਕੇ, ਹਸਪਤਾਲ ਵਿਚ ਅੱਡੀਆਂ ਰਗੜ ਕੇ ਨਹੀਂ ਮਰਨਾ ਬਲਕਿ ਜਿੰਨੀ ਵੀ ਜ਼ਿੰਦਗੀ ਬਚੀ ਹੈ, ਰਜ ਕੇ ਜੀਉਣਾ ਹੈ ਤੇ ਢੇਰ ਸਾਰੀਆਂ ਦੋਸਤੀਆਂ ਗੰਢਣੀਆਂ ਹਨ।"**


**ਡਾ. ਹਰਸ਼ਿੰਦਰ ਕੌਰ**

**ਐਮ.ਡੀ.**

0175-2216783




ਕਨੇਡਾ ਦੀ ਪਾਰਲੀਮੈਂਟ ਵਿਚ ਮਾਦਾ ਭਰੂਣ ਹੱਤਿਆ ਰੋਕਣ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਕਿਹੜੇ ਕਦਮ ਪੁੱਟੇ ਜਾਣ, ਵਾਸਤੇ ਲੈਕਚਰ ਦੇਣ ਲਈ ਮੈਂ ਉਨ੍ਹਾਂ ਦੇ ਸੱਦੇ ਉੱਤੇ 23 ਸਤੰਬਰ 2010 ਨੂੰ ਦਿੱਲੀ ਤੋਂ ਬ੍ਰਿਟਿਸ਼ ਏਅਰਲਾਈਨਜ਼ ਦਾ ਜਹਾਜ਼ ਫੜਿਆ ਤਾਂ ਉਸਨੇ ਰਸਤੇ ਵਿਚ ਕੁੱਝ ਚਿਰ ਲੰਡਨ ਹੀਥਰੋ ਏਅਰਪੋਰਟ ਉੱਤੇ ਰੁਕਣਾ ਸੀ। ਦਿੱਲੀ ਤੋਂ ਜਹਾਜ਼ ਚੜ੍ਹਨ ਲੱਗਿਆਂ ਲਾਈਨ ਵਿਚ ਅਸੀਂ ਸਾਰੇ ਖੜ੍ਹੇ ਹੋਏ ਸੀ ਤਾਂ ਬਹੁਤ ਹੀ ਪਿਆਰੀ ਬਿੱਲੀਆਂ ਅੱਖਾਂ ਅਤੇ ਲਾਲ ਸੁਰਖ਼ ਗੱਲਾਂ ਵਾਲੀ ਇਕ ਕੁੜੀ ਤੇਜ਼ੀ ਨਾਲ ਭੱਜ ਕੇ ਸਾਡੀ ਲਾਈਨ ਵਿਚ ਆ ਲੱਗੀ। ਉਹ ਏਨੀ ਸੋਹਣੀ ਸੀ ਕਿ ਹਰ ਇਕ ਨੇ ਇਕ ਵਾਰ ਤਾਂ ਜ਼ਰੂਰ ਸਿਰ ਘੁਮਾ ਕੇ ਉਸਨੂੰ ਨਿਹਾਰਿਆ। ਕੁੱਝ ਦਿਲ ਫੇਂਕ ਤਾਂ ਲਗਾਤਾਰ ਹੀ ਉਸਨੂੰ ਘੂਰਦੇ ਰਹੇ।

ਜਹਾਜ਼ ਵਿਚ ਚੜ੍ਹੇ ਤਾਂ ਮੈਨੂੰ ਇਸਦਾ ਉੱਕਾ ਹੀ ਪਤਾ ਨਹੀਂ ਸੀ ਕਿ ਉਹ ਬੇਹਦ ਖ਼ੂਬਸੂਰਤ ਕੁੜੀ ਮੇਰੀ ਨਾਲ ਦੀ ਸੀਟ ਉੱਤੇ ਬੈਠਣ ਵਾਲੀ ਹੈ। ਉਸਨੇ ਕਾਲੀ ਸ਼ਾਹ ਜੀਨ ਤੇ ਰੇਸ਼ਮੀ ਕਾਲੀ ਕਮੀਜ਼ ਪਾਈ ਹੋਈ ਸੀ ਤੇ ਸਿਰ ਉੱਤੇ ਕਾਲਾ ਸਕਾਰਫ਼ ਬੰਨ੍ਹਿਆ ਹੋਇਆ ਸੀ। ਸ਼ਿਸ਼ਟਾਚਾਰ ਦੀ ਬੰਨ੍ਹੀ ਨੇ ਮੈਂ ਇਕ ਵਾਰ ਹਲਕੀ ਜਿਹੀ ਗਰਦਨ ਘੁਮਾ ਕੇ ਉਸਨੂੰ ਫੇਰ ਰਤਾ ਕੁ ਨਿਹਾਰਿਆ ਤਾਂ ਜੋ ਉਸਦੀ ਖ਼ੂਬਸੂਰਤੀ ਦਿਮਾਗ਼ ਵਿਚ ਸਮੋ ਲਵਾਂ, ਤੇ ਫੇਰ ਜਹਾਜ਼ ਤੋਂ ਬਾਹਰ ਵੱਲ ਝਾਕਣ ਲੱਗ ਪਈ।

ਉਸ ਕੁੜੀ ਨੇ ਸਮਾਨ ਸੀਟ ਦੇ ਉੱਪਰ ਖਾਨੇ ਵਿਚ ਰੱਖਦੇ ਸਾਰ ਝੱਟ ਮੈਨੂੰ ਸੰਬੋਧਨ ਕਰ ਕੇ ਕਿਹਾ, "ਬਾ ਜੀ (ਵੱਡੀ ਭੈਣ) ਤੁਸੀਂ ਕਿੱਥੇ ਜਾ ਰਹੇ ਹੋ?"

ਮੈਨੂੰ ਉਸ ਵੱਲ ਇਕ ਵਾਰ ਫੇਰ ਵੇਖਣ ਦਾ ਮੌਕਾ ਮਿਲ ਗਿਆ। ਮੈਂ ਮੁਸਕੁਰਾ ਕੇ ਜਵਾਬ ਦਿੱਤਾ 'ਵੈਨਕੂਵਰ, ਤੇ ਤੁਸੀਂ?' ਉਸ ਕਿਹਾ, ਲੰਡਨ। ਤੁਹਾਡਾ ਨਾਂ ਕੀ ਹੈ?" ਮੈਂ ਆਪਣਾ ਨਾਂ ਦੱਸਿਆ ਤਾਂ ਉਸਨੇ ਫੇਰ ਪੁੱਛਿਆ, "ਕੀ ਕੰਮ ਕਰਦੇ ਹੋ?" ਮੈਂ ਦੱਸਿਆ ਕਿ ਮੈਂ ਬੱਚਿਆਂ ਦੀ ਡਾਕਟਰ ਹਾਂ, "ਬਾ ਜੀ, ਤੁਸੀਂ ਵਿਆਹੇ ਹੋਏ ਹੋ," ਉਸਨੇ ਫੇਰ ਪੁੱਛਿਆ? ਮੈਂ ਹਾਮੀ ਭਰ ਦਿੱਤੀ ਤਾਂ ਉਹ ਫੇਰ ਬੋਲ ਪਈ, "ਤੁਹਾਡੀ ਅੰਮਾਂ ਤੇ ਵਾਲਿਦ ਕਿੱਥੇ ਰਹਿੰਦੇ ਹਨ?" ਮੈਂ ਦੱਸਿਆ ਕਿ ਉਹ ਹੁਣ ਇਸ ਦੁਨੀਆਂ ਵਿਚ ਨਹੀਂ ਹਨ। ਉਸਨੇ ਝਟ ਮੇਰਾ ਹੱਥ ਘੁਟ ਕੇ ਫੜ ਲਿਆ ਤੇ ਬੋਲੀ, "ਸੱਚੀਂ ਬਾ ਜੀ, ਅੱਲਾ ਨੇ ਮੌਮ ਡੈਡ ਤਾਂ ਸਾਨੂੰ ਬਹੁਤ ਕੀਮਤੀ ਸੌਗਾਤ ਦਿੱਤੇ ਹੋਏ ਨੇ।

ਇਹ ਚੱਲੇ ਜਾਣ ਤਾਂ ਫੇਰ ਦੁਨੀਆ ਚੰਗੀ ਜਿਹੀ ਹੀ ਨਹੀਂ ਲਗਦੀ। ਕੋਈ ਫੇਰ ਉਸ ਲਾਡ ਦੇ ਨਾਂ ਨਾਲ ਬੁਲਾਉਂਦਾ ਹੀ ਨਹੀਂ। ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹੁੰਦੇ ਸੀ?" ਮੈਂ ਦੱਸਿਆ, "ਹਰਸ਼ਾਂ।"

"ਤੁਹਾਡੇ ਹਸਬੈਂਡ ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹਨ," ਉਸਨੇ ਝਟ ਪੁੱਛ ਲਿਆ? ਮੈਨੂੰ ਰਤਾ ਕੁ ਅਜੀਬ ਜਿਹਾ ਲੱਗਿਆ ਕਿ ਮੈਨੂੰ ਉਸ ਬਾਰੇ ਉੱਕਾ ਹੀ ਕੁੱਝ ਨਹੀਂ ਪਤਾ ਤੇ ਉਹ ਡੂੰਘੀ ਦੋਸਤੀ ਗੰਢਣ ਦੇ ਚੱਕਰ ਵਿਚ ਕਿਉਂ ਹੈ? ਮੈਂ ਕੋਈ ਜਵਾਬ ਨਹੀਂ ਦਿੱਤਾ ਤਾਂ ਉਸ ਕਿਹਾ, "ਮੇਰਾ ਨਾਂ ਕਿਉਂ ਨਹੀਂ ਪੁੱਛਦੇ?"

ਮੈਂ ਉਸਨੂੰ ਪੁੱਛਿਆ ਕਿ ਉਸਦਾ ਕੀ ਨਾਂ ਹੈ?

ਉਸ ਜਵਾਬ ਦਿੱਤਾ, "ਸ਼ਾਜ਼ੀਆ। ਮੇਰੀ ਇਕ ਛੋਟੀ ਭੈਣ ਤੇ ਇਕ ਉਸ ਤੋਂ ਛੋਟਾ ਭਰਾ ਹੈ। ਮੇਰੇ ਗਰੈਂਡ ਪਾ (ਦਾਦਾ ਜੀ ) ਪਾਕਿਸਤਾਨ ਤੋਂ ਲੰਡਨ ਆਏ ਸਨ ਤੇ ਬੜੀ ਮਿਹਨਤ ਕਰਕੇ ਰੋਟੀ ਕਮਾਉਂਦੇ ਰਹੇ। ਪੈਸੇ ਬਚਾਉਣ ਦੇ ਚੱਕਰ ਵਿਚ ਕਈ ਵਾਰ ਖਾਣਾ ਵੀ ਨਹੀਂ ਸੀ ਖਾਂਦੇ ਹੁੰਦੇ। ਮਜ਼ਦੂਰੀ ਵੀ ਕੀਤੀ ਤੇ ਸਟੋਰ ਵਿਚ ਵੀ ਕੰਮ ਕੀਤਾ। ਕੁੱਝ ਚਿਰ ਤਾਂ ਝਾੜੂ ਵੀ ਮਾਰਦੇ ਰਹੇ ਪਰ ਮੇਰੇ ਅੱਬਾ ਲਈ ਤੇ ਅੱਗੋਂ ਸਾਡੇ ਲਈ ਜ਼ਿੰਦਗੀ ਸੌਖੀ ਕਰ ਗਏ।"

ਉਸਨੇ ਇੱਕੋ ਪਲ ਵਿਚ ਆਪਣੀ ਸਾਰੀ ਰਾਮ ਕਹਾਣੀ ਸੁਣਾ ਦਿੱਤੀ। ਰਾਤ ਦੇ ਢਾਈ ਵੱਜੇ ਹੋਏ ਸਨ ਤੇ ਮੇਰਾ ਨੀਂਦਰ ਤੇ ਥਕਾਵਟ ਨਾਲ ਬੁਰਾ ਹਾਲ ਸੀ ਕਿਉਂਕਿ ਸਵੇਰ ਦੀ ਪਟਿਆਲਿਓਂ ਚੱਲੀ ਹੋਈ ਸੀ। ਮੈਂ ਰਤਾ ਕੁ ਪਾਸਾ ਵੱਟ ਕੇ ਸੀਟ ਉੱਤੇ ਸੌਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਫੇਰ ਮੈਨੂੰ ਹਲਕਾ ਥਪਥਪਾ ਕੇ ਪੁੱਛਿਆ, "ਤੁਹਾਡੇ ਕਿੰਨੇ ਬੱਚੇ ਨੇ?" ਮੈਂ 'ਦੋ' ਕਹਿ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਫੇਰ ਪੁੱਛਿਆ, "ਇਕ ਚੁਟਕੁਲਾ ਸੁਣਾਵਾਂ?" ਰਾਤ ਨੂੰ ਢਾਈ ਵਜੇ ਚੁਟਕੁਲਾ? ਮੇਰੇ ਜਵਾਬ ਦੇਣ ਤੋਂ ਪਹਿਲਾਂ ਹੀ ਉਸਨੇ ਸੁਣਾਉਣਾ ਸ਼ੁਰੂ ਕਰ ਦਿੱਤਾ, "ਇਕ ਅੰਨ੍ਹਾ ਸੀ ਜਿਸਨੇ ਜ਼ੋਰ ਦੀ ਅਵਾਜ਼ ਮਾਰ ਕੇ ਸਭ ਨੂੰ ਬੁਲਾਇਆ ਕਿ ਉਹ ਵੇਖੋ ਇਕ ਬੰਦੇ ਨੂੰ ਅੱਗ ਲੱਗ ਗਈ ਹੈ। ਸਭ ਤੋਂ ਪਹਿਲਾਂ ਜਿਹੜਾ ਸੁਣ ਕੇ ਅਗਾਂਹ ਤੁਰਿਆ, ਉਹ ਬੋਲਾ ਸੀ ਤੇ ਪਤਾ ਜੇ ਸਭ ਤੋਂ ਤੇਜ਼ ਭੱਜ ਕੇ ਪਹਿਲਾਂ ਉਸ ਸੜ ਰਹੇ ਬੰਦੇ ਨੂੰ ਬਚਾਉਣ ਕੌਣ ਪਹੁੰਚਿਆ? ਲੰਗੜਾ ਆਦਮੀ।" ਏਨਾ ਕਹਿੰਦੇ ਸਾਰ ਉਹ ਖਿੜਖਿੜਾ ਕੇ ਹੱਸੀ ਤੇ ਆਸ ਪਾਸ ਦੇ ਲੋਕ ਜਿਹੜੇ ਉਸਦੀ ਖ਼ੂਬਸੂਰਤੀ ਤੋਂ ਪਹਿਲਾਂ ਹੀ ਡੰਗੇ ਬੈਠੇ ਸਨ, ਉਸਦੇ ਟੁਣਕਦੇ ਹਾਸੇ ਦੇ ਵੀ ਸ਼ਿਕਾਰ ਹੋ ਗਏ।

ਇਕ ਹੋਰ ਚੁਟਕੁਲਾ ਸੁਣੋ, "ਇਕ ਬੱਚੇ ਨੂੰ ਉਸਦੇ ਉਸਤਾਦ ਨੇ ਪੁੱਛਿਆ ਕਿ ਉਸਦੇ ਅੱਬਾ ਕੋਲੋਂ ਉਸਦੀ ਅੰਮੀ ਨੇ ਉਸਦੀ ਜੇਬ ਵਿਚਲੇ ਤਿੰਨ ਹਜ਼ਾਰ ਰੁਪਈਆਂ ਵਿੱਚੋਂ ਸੋਲਾਂ ਸੌ ਤੀਹ ਰੁਪੈ ਮੰਗੇ ਤਾਂ ਉਸ ਕੋਲ ਬਾਕੀ ਕਿੰਨੇ ਬਚੇ? ਬੱਚੇ ਨੇ ਝਟ ਜਵਾਬ ਦਿੱਤਾ, ਇਕ ਵੀ ਨਹੀਂ ਕਿਉਂਕਿ ਅੰਮੀ ਤਾਂ ਅੱਬਾ ਦੀ ਜੇਬ ਰੋਜ਼ ਸਾਫ਼ ਕਰਦੀ ਰਹਿੰਦੀ ਹੈ ਤੇ ਇਕ ਵੀ ਪੈਸਾ ਉਸ ਕੋਲ ਨਹੀਂ ਛੱਡਦੀ।"

ਉਸ ਤੋਂ ਬਾਅਦ ਉਹ ਲਗਾਤਾਰ ਸੋਲਾਂ ਸਤਾਰਾਂ ਚੁਟਕੁਲੇ ਸੁਣਾ ਗਈ ਤੇ ਮੈਨੂੰ ਉਹ ਚੁਲਬੁਲੀ ਖ਼ੂਬਸੂਰਤ ਕੁੜੀ ਆਪਣੀ ਨੇੜੇ ਦੀ ਰਿਸ਼ਤੇਦਾਰ ਜਿਹੀ ਹੀ ਜਾਪਣ ਲੱਗ ਪਈ।

ਕੁੱਝ ਚਿਰ ਬਾਅਦ ਉਸਨੇ ਫੇਰ ਪੁੱਛਿਆ, "ਹੁਣ ਤਾਂ ਦਸ ਦਿਓ ਤੁਹਾਡੇ ਖਾਵੰਦ (ਪਤੀ) ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹਨ?"

ਮੈਂ ਦੱਸਿਆ, "ਲਾਡੋ।"

"ਹਾਏ ਅੱਲਾ, ਏਨਾ ਖ਼ੂਬਸੂਰਤ ਨਾਂ! ਮੈਂ ਤਾਂ ਤੁਹਾਡੇ ਖ਼ਾਵੰਦ ਨੂੰ ਜ਼ਰੂਰ ਮਿਲਣਾ ਚਾਹੁੰਦੀ ਹਾਂ। ਮੈਂ ਅਸਲਮ ਨੂੰ ਕਹਾਂਗੀ ਕਿ ਮੈਨੂੰ ਵੀ ਇਸੇ ਨਾਂ ਨਾਲ ਬੁਲਾਇਆ ਕਰੇ," ਉਹ ਬੋਲੀ।

"ਅਸਲਮ ਕੌਣ," ਮੈਂ ਪੁੱਛਿਆ? "ਮੈਂ ਅਠਾਰਾਂ ਵਰ੍ਹਿਆਂ ਦੀ ਹਾਂ ਤੇ ਇਸ ਉਮਰ ਵਿਚ ਇਕ ਬੋਆਏ ਫਰੈਂਡ ਜ਼ਰੂਰ ਹੋਣਾ ਚਾਹੀਦਾ ਹੈ। ਉਹ ਤਾਂ ਮੇਰੇ ਨਾਲ ਨਿਕਾਹ ਕਰਨ ਲਈ ਪਾਗਲ ਹੋਇਆ ਪਿਆ ਹੈ," ਉਸ ਦੱਸਿਆ, "ਉਹ ਮੈਨੂੰ ਪਿਆਰ ਨਾਲ 'ਸ਼ਾਜ਼' ਕਹਿੰਦਾ ਹੈ ਪਰ ਹੁਣ ਮੈਂ ਕਹਾਂਗੀ ਕਿ ਮੈਨੂੰ ਲਾਡੋ ਕਿਹਾ ਕਰੇ।"

ਉਸ ਦੱਸਿਆ ਕਿ ਉਹ ਅੱਧੀ ਦੁਨੀਆ ਘੁੰਮ ਚੁੱਕੀ ਹੈ ਤੇ ਹੁਣ ਹਿੰਦੁਸਤਾਨ ਘੁੰਮ ਕੇ ਵਾਪਸ ਪਰਤ ਰਹੀ ਹੈ। ਮੈਨੂੰ ਲੱਗਿਆ ਕਿ ਉਹ ਕਾਫ਼ੀ ਹਿੰਮਤੀ ਕੁੜੀ ਹੈ ਜਿਹੜੀ ਇਕੱਲੇ ਹੀ ਸਭ ਪਾਸੇ ਘੁੰਮਦੀ ਫਿਰ ਰਹੀ ਹੈ।

ਉਸਦੀਆਂ ਗੱਲਾਂ ਖ਼ਤਮ ਹੀ ਨਹੀਂ ਸੀ ਹੋ ਰਹੀਆਂ। ਕਦੇ ਤਾਜ ਮਹਿਲ, ਕਦੇ ਲਾਲ ਕਿਲਾ ਤੇ ਕਦੇ ਪਾਕਿਸਤਾਨ ਬਾਰੇ ਗੱਲਾਂ, ਕਦੇ ਲੰਡਨ ਦੀਆਂ ਗੱਲਾਂ ਤੇ ਵਿਚ ਵਿਚ ਚੁਟਕੁਲੇ ਸੁਣਾ ਕੇ ਉਹ ਲਗਾਤਾਰ ਹਸਾਉਂਦੀ ਰਹੀ।

ਮੇਰੀ ਨੀਂਦਰ ਉੱਡ ਪੁਡ ਗਈ ਸੀ ਤੇ ਮੈਨੂੰ ਉਹ ਪਿਆਰੀ ਜਿਹੀ ਗੁੱਡੀ ਜਾਪ ਰਹੀ ਸੀ ਜਿਸਨੇ ਬਦੋਬਦੀ ਦਿਲ ਦਾ ਇਕ ਕੋਨਾ ਮਲ ਲਿਆ ਸੀ। "ਲਾਡੋ ਬਾ ਜੀ ਮੈਨੂੰ ਬੜਾ ਮਜ਼ਾ ਆਉਂਦਾ ਹੈ ਜਦ ਮੁੰਡੇ ਮੈਨੂੰ ਵੇਖ ਕੇ ਦਿਲ ਉੱਤੇ ਹੱਥ ਧਰ ਕੇ ਲੰਬੇ ਸਾਹ ਖਿਚਦੇ ਹਨ। ਇਸਦਾ ਮਤਲਬ ਹੈ ਮੈਂ ਬੇਹਦ ਖ਼ੂਬਸੂਰਤ ਹਾਂ। ਹਾਂ ਕਿ ਨਹੀਂ, ਤੁਸੀਂ ਦੱਸੋ ਨਾ," ਉਸਨੇ ਮਚਲਦਿਆਂ ਪੁੱਛਿਆ?

ਮੈਂ ਸਿਰ ਹਿਲਾ ਕੇ ਮੁਸਕੁਰਾ ਪਈ। ਉਹ ਫਿਰ ਬੋਲੀ, "ਤੁਸੀਂ ਦੁਪੱਟੇ ਨਾਲ ਸਿਰ ਢੱਕੋ ਤੇ ਫੇਰ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਕੋਈ ਬੁੱਝ ਹੀ ਨਹੀਂ ਸਕੇਗਾ ਕਿ ਤੁਸੀਂ ਹਿੰਦੁਸਤਾਨੀ ਹੋ ਕਿ ਪਾਕਿਸਤਾਨੀ। ਮੈਨੂੰ ਤਾਂ ਬਿਲਕੁਲ ਤੁਸੀਂ ਆਪਣੀ ਵੱਡੀ ਭੈਣ ਹੀ ਲੱਗਦੇ ਹੋ।"

ਮੈਂ ਕਿਹਾ, "ਹੁਣ ਝਲ ਵਲੱਲੀਆਂ ਮਾਰਨੀਆਂ ਛੱਡ ਕੇ ਸੌਣ ਦੀ ਕੋਸ਼ਿਸ਼ ਕਰ।" ਉਸ ਝਟ ਕਿਹਾ, "ਨਾ ਬਈ, ਸੌਂ ਕੇ ਮੈਂ ਏਨੀ ਖ਼ੂਬਸੂਰਤ ਜ਼ਿੰਦਗੀ ਦੇ ਪਲ ਗੁਆਉਣਾ ਨਹੀਂ ਚਾਹੁੰਦੀ। ਮੈਂ ਤਾਂ ਜ਼ਿੰਦਗੀ ਦਾ ਹਰ ਪਲ ਜੀਊਣਾ ਹੈ ਤੇ ਰਜ ਕੇ ਜੀਉਣਾ ਹੈ ਤਾਂ ਜੋ ਕੋਈ ਤਮੰਨਾ ਬਾਕੀ ਨਾ ਰਹੇ।"

ਮੈਂ ਉਸਨੂੰ ਕਿਹਾ ਬਈ ਤੂੰ ਜੀਅ ਲੈ ਜ਼ਿੰਦਗੀ ਪਰ ਮੈਨੂੰ ਸੌਂ ਲੈਣ ਦੇ। ਮੇਰੀ ਪਿਠ ਮੋੜਨ ਦੀ ਦੇਰ ਸੀ ਕਿ ਉਹ ਫੇਰ ਮੇਰਾ ਮੋਢਾ ਹਲੂਣ ਕੇ ਬੋਲੀ, "ਲਾਡੋ ਭੈਣ ਜੀ ਉਹ ਜੂਸ ਵੰਡਣ ਆ ਗਏ ਨੇ। ਪੀ ਲਓ ਫੇਰ ਸੌਂ ਜਾਇਓ। ਤੁਸੀਂ ਆਪਣੇ ਖਾਵੰਦ ਦਾ ਨਾਂ ਹੀ ਨਹੀਂ ਦੱਸਿਆ?" ਮੈਂ ਕੋਈ ਜਵਾਬ ਨਹੀਂ ਦਿੱਤਾ ਤਾਂ ਉਸ ਦੁਬਾਰਾ ਇਹੀ ਸਵਾਲ ਪੁੱਛਿਆ। ਮੈਂ ਦੱਸਿਆ, "ਡਾ: ਗੁਰਪਾਲ ਸਿੰਘ।" ਮੇਰੀ ਗਲ ਮੁੱਕਣ ਤੋਂ ਪਹਿਲਾਂ ਹੀ ਉਹ ਫੇਰ ਬੋਲ ਪਈ, "ਤੁਸੀਂ ਉਨ੍ਹਾਂ ਨੂੰ ਪਿਆਰ ਨਾਲ ਕਿਸ ਨਾਂ ਨਾਲ ਬੁਲਾਉਂਦੇ ਹੋ?" ਮੈਂ ਕਿਹਾ, "ਤੂੰ ਜੂਸ ਪੀ ਤੇ ਮੇਰਾ ਖਹਿੜਾ ਛੱਡ।" ਉਹ ਪਿੱਛੇ ਹੀ ਪੈ ਗਈ ਤਾਂ ਮੈਂ ਕਿਹਾ, "ਹਨੀ।" "ਓਹੋ ਕਿੰਨਾ ਮਿੱਠਾ ਤੇ ਚਿਪਚਿਪਾ ਜਿਹਾ ਘਸਿਆ ਪਿਟਿਆ ਨਾਂ ਹੈ। ਉਹ ਕਿੰਨੇ ਪਿਆਰ ਨਾਲ ਲਾਡੋ ਕਹਿੰਦੇ ਹਨ ਤੇ ਤੁਸੀਂ ਵੀ 'ਜਾਨ', 'ਜਾਨੂੰ' ਜਾਂ 'ਮਿੱਠੂ' ਕਿਹਾ ਕਰੋ," ਉਸਨੇ ਮਚਲਦਿਆਂ ਕਿਹਾ।

"ਤੂੰ ਅਸਲਮ ਨੂੰ ਇਸ ਨਾਂ ਨਾਲ ਬੁਲਾ ਲਵੀਂ। ਹੁਣ ਮੈਨੂੰ ਸੌਣ ਵੀ ਦੇ। ਮੈਂ ਅੱਗੋਂ ਬਾਰਾਂ ਘੰਟੇ ਫੇਰ ਜਹਾਜ਼ ਉੱਤੇ ਸਫਰ ਕਰਨਾ ਹੈ ਵੈਨਕੂਵਰ ਲਈ," ਮੈਂ ਤਰਲਾ ਜਿਹਾ ਲਿਆ।

ਉਸ ਮੇਰਾ ਹੱਥ ਫੜ ਲਿਆ ਤੇ ਚੁੰਮ ਕੇ ਬੋਲੀ, "ਤੁਸੀਂ ਮੈਨੂੰ ਯਾਦ ਰੱਖੋਗੇ?

ਭੁੱਲ ਤਾਂ ਨਹੀਂ ਜਾਵੋਗੇ? ਮੈਂ ਚਾਹੁੰਦੀ ਹਾਂ ਕਿ ਜਿੰਨੀ ਵੀ ਜ਼ਿੰਦਗੀ ਹੈ, ਪਿਆਰ ਵੰਡਦੀ ਰਹਾਂ ਤੇ ਹਰ ਇਕ ਨੂੰ ਖੁਸ਼ ਵੇਖਾਂ।"

ਉਸਨੇ ਚੁੱਪ ਨਾ ਕਰਨ ਦੀ ਸੌਂਹ ਖਾ ਰੱਖੀ ਸੀ, ਇਸ ਲਈ ਮੇਰਾ ਸੌਣਾ ਨਾਮੁਮਕਿਨ ਸੀ। ਮੈਂ ਉਸਦੇ ਚੁਟਕੁਲੇ ਸੁਣ ਸੁਣ ਕੇ ਹਸਦੀ ਰਹੀ ਤੇ ਵਿਚ ਵਿਚ ਜਦੋਂ ਵੀ ਅੱਖ ਝਪਕੀ ਜਾਂਦੀ ਉਹ ਫੇਰ ਮੇਰਾ ਮੋਢਾ ਹਲੂਣ ਦਿੰਦੀ।

ਮੈਂ ਧੜਕਦੀ ਜ਼ਿੰਦਗੀ ਦਾ ਪ੍ਰਤੱਖ ਰੂਪ ਵੇਖ ਰਹੀ ਸੀ। ਮੈਂ ਕਿਹਾ "ਰਬ ਤੈਨੂੰ ਕੋਈ ਦੁਖ ਨਾ ਦੇਵੇ। ਹਾਲੇ ਤੇਰੀ ਉਮਰ ਹੀ ਕੁੱਝ ਨਹੀਂ। ਪਰ ਅੱਗੋਂ ਜ਼ਿੰਮੇਵਾਰੀਆਂ ਜਦੋਂ ਪੈਂਦੀਆਂ ਹਨ ਤਾਂ ਫੇਰ ਇਹ ਖ਼ੁਸ਼ੀ ਕਾਫ਼ੂਰ ਹੋ ਜਾਂਦੀ ਹੈ। ਜ਼ਿੰਦਗੀ ਵਿਚ ਇੱਕੋ ਜਿਹਾ ਸਮਾਂ ਕਦੇ ਨਹੀਂ ਰਹਿੰਦਾ। ਚੰਗੀ ਗੱਲ ਹੈ ਕਿ ਤੂੰ ਖੁਸ਼ਮਿਜ਼ਾਜ਼ ਹੈਂ ਤੇ ਖੇੜਾ ਵੰਡਦੀ ਫਿਰ ਰਹੀ ਹੈਂ। ਰੱਬ ਤੈਨੂੰ ਲੰਮੀ ਉਮਰ ਦੇਵੇ।"

ਉਹ ਮੁਸਕੁਰਾ ਪਈ ਤੇ ਉਸਨੇ ਪਹਿਲੀ ਵਾਰ ਮੂੰਹ ਝਟ ਮੇਰੇ ਕੋਲੋਂ ਪਰ੍ਹਾਂ ਨੂੰ ਘੁਮਾ ਲਿਆ। ਮੈਨੂੰ ਇਉਂ ਜਾਪਿਆ ਜਿਵੇਂ ਸ਼ਾਇਦ ਹੰਝੂ ਪੂੰਝ ਰਹੀ ਹੋਵੇ। ਐਵੇਂ ਸ਼ੱਕ ਜਿਹਾ ਹੀ ਸੋਚ ਕੇ ਮੈਂ ਫੇਰ ਪਾਸਾ ਲੈ ਕੇ ਸੌਣ ਦੀ ਕੋਸ਼ਿਸ਼ ਕੀਤੀ। ਇਸ ਵਾਰ ਉਸ ਨੇ ਟੋਕਿਆ ਨਹੀਂ ਤੇ ਮੈਂ ਪੌਣਾ ਘੰਟਾ ਸੁੱਤੀ ਰਹੀ।

ਏਨੇ ਨੂੰ ਏਅਰ ਹੋਸਟੈਸ ਖਾਣਾ ਲੈ ਕੇ ਆ ਗਈ। ਮੈਂ ਜਾਗੀ ਤਾਂ ਉਹ ਫੇਰ ਚਹਿਕ ਰਹੀ ਸੀ। ਪਰਲੇ ਪਾਸੇ ਦੀ ਸੀਟ ਉੱਤੇ ਬੈਠੀ ਬਜ਼ੁਰਗ ਔਰਤ ਨੂੰ ਹੁਣ ਤੱਕ ਉਸਨੇ ਅੰਮੀ ਬਣਾ ਲਿਆ ਹੋਇਆ ਸੀ।

ਜਦੋਂ ਲੰਡਨ ਏਅਰਪੋਰਟ ਉੱਤੇ ਉਤਰੇ ਤਾਂ ਉਸਨੇ ਮੇਰਾ ਪਤਾ ਅਤੇ ਫ਼ੋਨ ਨੰਬਰ ਲੈ ਲਿਆ। ਮੈਂ ਉਸਤੋਂ ਉਸਦਾ ਫ਼ੋਨ ਨੰਬਰ ਤੇ ਪਤਾ ਮੰਗਿਆ ਤਾਂ ਉਸਨੇ ਕਾਗਜ਼ ਉੱਤੇ ਕੁੱਝ ਲਿਖ ਕੇ ਫੜ੍ਹਾ ਦਿੱਤਾ। ਮੈਂ ਪੜ੍ਹਿਆ ਤਾਂ ਲਿਖਿਆ ਸੀ, "ਹੈਵਨ (ਸਵਰਗ)।"

ਮੈਂ ਹਸ ਕੇ ਕਿਹਾ, "ਲੰਡਨ ਤੇਰੇ ਲਈ ਸਵਰਗ ਹੋਵੇਗਾ। ਮੈਨੂੰ ਤਾਂ ਆਪਣਾ ਦੇਸ ਸਭ ਤੋਂ ਪਿਆਰਾ ਲੱਗਦਾ ਹੈ। ਮੈਨੂੰ ਤੂੰ ਆਪਣਾ ਸਹੀ ਪਤਾ ਲਿਖ ਕੇ ਦੇ ਤਾਂ ਜੋ ਅਗਲੇ ਸਾਲ ਮੈਂ ਤੈਨੂੰ ਮਿਲ ਕੇ ਜਾਵਾਂ ਤੇ ਹਰ ਮਹੀਨੇ ਫ਼ੋਨ ਉੱਤੇ ਗਲ ਕਰ ਕੇ ਤੇਰੇ ਵਾਂਗ ਤੇਰਾ ਵੀ ਸਿਰ ਖਾਵਾਂ।"

ਉਹ ਮੁਸਕੁਰਾ ਕੇ ਬੋਲੀ, "ਬਾ ਜੀ, ਮੈਨੂੰ ਫੈਲਿਆ ਹੋਇਆ ਲਹੂ ਦਾ ਕੈਂਸਰ ਹੈ ਤੇ ਡਾਕਟਰ ਨੇ ਮੈਨੂੰ ਕੁਲ ਛੇ ਮਹੀਨੇ ਦੀ ਉਮਰ ਦੱਸੀ ਹੈ। ਅਗਲੇ ਸਾਲ ਮੈਂ ਵਾਕਈ ਉੱਥੇ ਹੀ ਹੋਵਾਂਗੀ ਕਿਉਂਕਿ ਮੈਂ ਕਿਸੇ ਦਾ ਦਿਲ ਦੁਖਾਉਂਦੀ ਹੀ ਨਹੀਂ ਤੇ ਅੱਲਾ ਬਹੁਤ ਚੰਗਾ ਹੈ। ਉਹ ਮੈਨੂੰ ਹੈਵਨ ਵਿਚ ਹੀ ਥਾਂ ਦੇਵੇਗਾ। ਤੁਸੀਂ ਏਨੇ ਚੰਗੇ ਹੋ ਸੋ ਮੈਨੂੰ ਪਤਾ ਹੈ ਕਿ ਤੁਸੀਂ ਵੀ ਕਦੇ ਨਾ ਕਦੇ ਉੱਥੇ ਹੀ ਆਵੋਗੇ। ਅੱਲਾ ਕਰੇ ਤੁਸੀਂ ਸੌ ਸਾਲ ਬਾਅਦ ਉੱਥੇ ਆਵੋ ਪਰ ਮੈਂ ਤੁਹਾਨੂੰ ਉੱਥੇ ਹੀ ਉਡੀਕਦੀ ਮਿਲਾਂਗੀ ਤੇ ਫੇਰ ਤੁਹਾਡਾ ਸਿਰ ਖਾਵਾਂਗੀ ਤੇ ਤੁਹਾਨੂੰ ਚੁਟਕੁਲੇ ਸੁਣਾਵਾਂਗੀ।"

ਏਨਾ ਕਹਿ ਕੇ ਉਸਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ। ਮੈਨੂੰ ਇਉਂ ਜਾਪਿਆ ਜਿਵੇਂ ਮੇਰੇ ਸਰੀਰ ਵਿੱਚੋਂ ਕਿਸੇ ਨੇ ਸਾਰਾ ਰਤ ਨਿਚੋੜ ਲਿਆ ਹੋਵੇ ਤੇ ਮੇਰੇ ਹੱਥੋਂ ਮੇਰਾ ਬੈਗ ਹੇਠਾਂ ਡਿਗ ਪਿਆ ਜਿਵੇਂ ਸਾਹ ਸਤ ਹੀ ਨਾ ਰਿਹਾ ਹੋਵੇ। ਮੈਂ ਉਸਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਜਿਵੇਂ ਦਿਲ ਦਾ ਕੋਈ ਹਿੱਸਾ ਵੱਢ ਕੇ ਲਿਜਾ ਰਿਹਾ ਹੋਵੇ। ਭਾਵੇਂ ਕੁੱਝ ਘੰਟਿਆਂ ਦਾ ਸਾਡਾ ਸਾਥ ਸੀ ਪਰ ਹੁਣ ਇਕ ਅਜੀਬ ਰਿਸ਼ਤਾ ਬਣ ਗਿਆ ਸੀ ਜਿਸ ਵਿਚ ਕੋਈ ਧਰਮ ਜਾਂ ਦੇਸ ਦੀਆਂ ਸਰਹੱਦਾਂ ਨਹੀਂ ਸਨ, ਸਿਰਫ਼ ਕੁੱਝ ਖ਼ਾਰੇ ਹੰਝੂ ਜੋ ਉਹਦੀਆਂ ਤੇ ਮੇਰੀਆਂ ਅੱਖਾਂ ਵਿਚ ਸਨ।

ਸਰਹੱਦਾਂ ਤਾਂ ਰਾਜ ਕਰਨ ਵਾਲਿਆਂ ਨੇ ਆਪਣੀ ਲੋੜ ਲਈ ਬਣਾ ਲਈਆਂ ਹੋਈਆਂ ਹਨ ਕਿ ਉਨ੍ਹਾਂ ਦਾ ਰਾਜ ਕਿੱਥੋਂ ਤੋਂ ਕਿੱਥੇ ਤੱਕ ਫੈਲਿਆ ਹੋਇਆ ਹੈ। ਏਸੇ ਹੀ ਤਰ੍ਹਾਂ ਇਨਸਾਨੀਅਤ ਨੂੰ ਪਛਾੜ ਕੇ ਧਰਮ ਦੀਆਂ ਵਲਗਣਾਂ ਹੇਠ ਜਿੰਨੀ ਨਫ਼ਰਤ ਅਸੀਂ ਫੈਲਾ ਚੁੱਕੇ ਹਾਂ, ਮੈਨੂੰ ਤਾਂ ਉਹ ਚਾਰ ਖ਼ਾਰੇ ਹੰਝੂਆਂ ਹੇਠਾਂ ਫਨਾਹ ਹੋ ਗਈ ਜਾਪੀ।

ਕਿਹੜਾ ਪਾਕਿਸਤਾਨੀ ਤੇ ਕਿਹੜਾ ਹਿੰਦੁਸਤਾਨੀ? ਕਿਹੜਾ ਸਿੱਖ, ਹਿੰਦੂ ਜਾਂ ਮੁਸਲਮਾਨ? ਮੇਰੇ ਤੋਂ ਅੱਧ ਦੀ ਉਮਰ ਦੀ ਖੜੀ ਉਹ ਬੱਚੀ ਮੈਨੂੰ ਤਾਂ ਆਪਣੇ ਹੀ ਦਿਲ ਦਾ ਇਕ ਹਿੱਸਾ ਜਾਪ ਰਹੀ ਸੀ ਜਿਸ ਦੀ ਮਿਸਾਲ ਮੈਂ ਬਾਕੀਆਂ ਨੂੰ ਦਿੱਤੇ ਬਿਨ੍ਹਾਂ ਰਹਿ ਨਹੀਂ ਸਕਦੀ। ਕਿੰਨੀ ਖ਼ੂਬਸੂਰਤੀ ਨਾਲ ਉਸਨੇ ਆਪਣਾ ਦਰਦ ਛੁਪਾ ਲਿਆ ਹੋਇਆ ਸੀ ਤੇ ਏਨੀ ਛੋਟੀ ਉਮਰ ਵਿਚ ਉਹ ਔਹ ਕੁੱਝ ਸਿਖ ਗਈ ਸੀ ਜੋ ਕਈ ਵਾਰ ਪੂਰੀ ਉਮਰ ਲੰਘਾ ਕੇ ਵੀ ਬੰਦਾ ਨਹੀਂ ਸਮਝਦਾ ਕਿ ਜ਼ਿੰਦਗੀ ਕਿਸ ਤਰ੍ਹਾਂ ਜੀਵੀਦੀ ਹੈ।

ਉਸ ਜੱਫੀ ਵਿੱਚੋਂ ਬਾਹਰ ਨਿਕਲਦਿਆਂ ਹੀ ਹੰਝੂ ਪੂੰਝ ਕੇ ਮੁਸਕੁਰਾ ਕੇ ਅੰਗਰੇਜ਼ੀ ਵਿਚ ਕਿਹਾ, "ਮੈਂ ਤੁਹਾਨੂੰ ਦੁੱਖ ਨਹੀਂ ਦੇਣਾ। ਮੈਂ ਤਾਂ ਆਪਣੀ ਮਰਜ਼ੀ ਨਾਲ ਇਹ ਫੈਸਲਾ ਲਿਆ ਹੈ ਕਿ ਮਰਨਾ ਤਾਂ ਹੈ ਹੀ ਪਰ ਟੀਕੇ ਲੁਆ ਕੇ, ਵਾਲ ਲੁਹਾ ਕੇ, ਬਦਸੂਰਤ ਬਣ ਕੇ, ਹਸਪਤਾਲ ਵਿਚ ਅੱਡੀਆਂ ਰਗੜ ਕੇ ਨਹੀਂ ਮਰਨਾ ਬਲਕਿ ਜਿੰਨੀ ਵੀ ਜ਼ਿੰਦਗੀ ਬਚੀ ਹੈ, ਰਜ ਕੇ ਜੀਉਣਾ ਹੈ ਤੇ ਢੇਰ ਸਾਰੀਆਂ ਦੋਸਤੀਆਂ ਗੰਢਣੀਆਂ ਹਨ। ਅਸਲਮ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਮੈਂ ਉਸਦੀ ਜ਼ਿੰਦਗੀ ਖ਼ਰਾਬ ਨਹੀਂ ਕਰਨਾ ਚਾਹੁੰਦੀ ਕਿ ਮੇਰੇ ਤੁਰ ਜਾਣ ਬਾਅਦ ਉਹ ਰੋਂਦਾ ਰਹੇ । ਤੁਸੀਂ ਉਦਾਸ ਨਾ ਹੋਣਾ। ਸਿਰਫ਼ ਮੈਨੂੰ ਯਾਦ ਰੱਖਿਓ। ਚਲੋ ਹੁਣ ਮੁਸਕੁਰਾ ਦਿਓ।"

ਏਨਾ ਕਹਿ ਕੇ ਉਹ ਹਵਾ ਵਾਂਗ ਉਡਦੀ ਪਰ੍ਹਾਂ ਏਅਰਪੋਰਟ ਦੀਆਂ ਦੁਕਾਨਾਂ ਦੀ ਭੀੜ ਵਿੱਚੋਂ ਲੰਘ ਗਈ ਤੇ ਮੋੜ ਮੁੜ ਕੇ ਲੋਪ ਹੋਣ ਤੋਂ ਪਹਿਲਾਂ ਫੇਰ ਘੁੰਮੀ ਤੇ ਹੱਥ ਹਿਲਾ ਕੇ ਜ਼ੋਰ ਦੀ ਬੋਲੀ, "ਮੈਨੂੰ ਭੁੱਲਿਓ ਨਾ। 'ਹਨੀ' ਦੀ ਥਾਂ ਡਾਕਟਰ ਸਾਹਿਬ ਨੂੰ 'ਜਾਨੂ' ਜਾਂ 'ਮਿੱਠੂ' ਕਹਿ ਕੇ ਬੁਲਾ ਕੇ ਵੇਖਿਓ ਜ਼ਰੂਰ। ਤੁਸੀਂ ਬੱਚਿਆਂ ਦੇ ਡਾਕਟਰ ਹੋ। ਕਿਸੇ ਹੋਰ ਬੱਚੇ ਨੂੰ ਇਸ ਬੀਮਾਰੀ ਨਾਲ ਨਾ ਮਰਨ ਦੇਣਾ। ਸੱਚੀਂ ਇਸ ਬੀਮਾਰੀ ਦਾ ਦਰਦ ਬਰਦਾਸ਼ਤ ਨਹੀਂ ਹੁੰਦਾ। ਕਈ ਵਾਰ ਤਾਂ ਹੰਝੂ ਬਹੁਤ ਮੁਸ਼ਕਲ ਰੁਕਦੇ ਹਨ।" ਤੇ ਉਹ ਭੀੜ ਵਿਚ ਲੋਪ ਹੋ ਗਈ।

ਮੇਰੀ ਅਗਲੀ ਉਡਾਨ ਵਿਚ ਹਾਲੇ ਚਾਰ ਘੰਟੇ ਸਨ। ਮੈਂ ਉਸੇ ਵੇਲੇ ਆਪਣੇ ਬੈਗ ਵਿੱਚੋਂ ਕਾਗਜ਼ ਕੱਢ ਕੇ ਉੱਥੇ ਹੀ ਕੁਰਸੀ ਉੱਤੇ ਬਹਿ ਕੇ ਉਸਦੀ ਯਾਦ ਲਿਖਣੀ ਸ਼ੁਰੂ ਕਰ ਦਿੱਤੀ।

ਮੈਂ ਤਾਂ ਖ਼ੈਰ ਸ਼ਾਜ਼ੀਆ ਨੂੰ ਕੀ ਭੁੱਲ ਸਕਦੀ ਹਾਂ ਪਰ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਮੇਰੇ ਇਸ ਲੇਖ ਨੂੰ ਪੜ੍ਹਨ ਸੁਣਨ ਵਾਲਿਆਂ ਵਿੱਚੋਂ ਜਿਸਦੇ ਵੀ ਦਿਲ ਵਿਚ ਇਨਸਾਨੀਅਤ ਹਾਲੇ ਜ਼ਿੰਦਾ ਹੈ ਤੇ ਮਨੁੱਖਤਾ ਲਈ ਦਰਦ ਮੌਜੂਦ ਹੈ, ਉਹ ਵੀ ਸ਼ਾਜ਼ੀਆ ਨੂੰ ਸੌਖਿਆਂ ਭੁੱਲ ਨਹੀਂ ਸਕਣ ਲੱਗਾ।

ਜੇ ਅਜਿਹੇ ਦਸ ਬੰਦੇ ਵੀ ਹਨ ਤਾਂ ਯਕੀਨਨ ਉਹ ਸ਼ਾਜ਼ੀਆ ਦੀ ਸਿਹਤਯਾਬੀ ਲਈ ਅਰਦਾਸ ਕਰਨਗੇ ਤੇ ਇਹੀ ਦਸ ਹੀ ਧਰਮ ਅਤੇ ਸਰਹੱਦਾਂ ਦੇ ਪਾਏ ਪਾੜ ਨੂੰ ਭਰਨ ਲਈ ਸਹਾਈ ਵੀ ਹੋਣਗੇ ਤਾਂ ਜੋ ਆਮ ਲੋਕ ਆਪੋ ਵਿਚ ਪਿਆਰ ਨਾਲ ਰਹਿ ਸਕਣ ਤੇ ਅਮਨ ਅਮਾਨ ਦਾ ਸੰਦੇਸ਼ ਫੈਲਾ ਸਕਣ।

ਜਿਸ ਦਿਨ ਇਹ ਸਮਝ ਵੱਡੀ ਪੱਧਰ ਉੱਤੇ ਆ ਗਈ ਕਿ ਕੋਈ ਧਰਮ ਨਫ਼ਰਤ ਫੈਲਾਉਣਾ ਨਹੀਂ ਸਿਖਾਉਂਦਾ ਬਲਕਿ ਇਹ ਤਾਂ ਕੁੱਝ ਵਿਗੜੀ ਸੋਚ

ਵਾਲੇ ਬੰਦਿਆਂ ਦਾ ਹੀ ਕੰਮ ਹੈ, ਤਾਂ ਸਰਹੱਦਾਂ ਤੋਂ ਪਾਰ ਅਤੇ ਦੇਸਾਂ ਦੇ ਅੰਦਰ ਫੈਲ ਰਹੀ ਵਖੋ ਵੱਖ ਧਰਮ ਦੇ ਲੋਕਾਂ ਵਿਚਲੀ ਨਫ਼ਰਤ ਵਿਚ ਵੀ ਠੱਲ ਪੈ ਜਾਵੇਗੀ।

ਸੁਣਾਇਆ ਕਰਦੀ ਸੀ ਦਾਦੀ ਮੇਰੀ,
ਜਿਸ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ।
ਉਹ ਕਾਲੇ ਬੁਰਕੇ ਤੇ ਗੋਰੀਆਂ ਬਾਹਾਂ,
ਵੀਣੀਆਂ ਤੇ ਛਣਕਦੀਆਂ ਰੰਗਲੀਆਂ ਚੂੜੀਆਂ,
ਉਹ ਦਾਖਾਂ ਤੇ ਕਾਜੂ,
ਉਹ ਢਾਕੇ ਦੀ ਮਲਮਲ,
ਉਹੀ ਅੱਡੀ ਸਟਾਪੂ,
ਤੇ ਪਰਦੇ ਪਿੱਛੇ ਲੰਘਦੀ ਔਰਤਾਂ ਦੀ ਸਾਰੀ ਜ਼ਿੰਦਗੀ।
ਫਿਰ ਮੇਰੀ ਮਾਂ ਨੇ ਸੁਣਾਇਆ
ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਦਾ ਕਿੱਸਾ।
ਕਿਵੇਂ ਲਹੂ ਵਿਚ ਲਥਪਥ ਲਾਸ਼ਾਂ ਦੀਆਂ
ਭਰੀਆਂ ਪਹੁੰਚਦੀਆਂ ਸਨ ਗੱਡੀਆਂ।
ਵੈਣ ਲਾਹੌਰ ਵਾਲਿਆਂ ਦੇ ਵੀ ਓਨੇ ਹੀ ਉੱਚੇ ਸਨ
ਜਿੰਨੇ ਦਿੱਲੀ ਵਾਲਿਆਂ ਦੇ।
ਔਰਤਾਂ ਦੀ ਪੱਤ ਪਾਕਿਸਤਾਨ ਵਿਚ ਵੀ
ਓਨੀ ਹੀ ਲੁੱਟੀ ਗਈ
ਜਿੰਨੀ ਹਿੰਦੁਸਤਾਨ ਵਿਚ।
ਉਹ ਉਜੜੇ ਘਰ, ਵਿਧਵਾ ਔਰਤਾਂ
ਤੇ ਬੇਸਹਾਰਾ ਬੱਚੇ।
ਨਾ ਟੀ ਨਾ ਟੰਬਾ,
ਭੁੰਜੇ ਪੈਣ ਨੂੰ ਧਰਤੀ
ਤੇ ਸਿਰ 'ਤੇ ਛੱਤ ਦੇ ਨਾਮ ਤੇ ਖੁੱਲ੍ਹਾ ਅਸਮਾਨ।
ਫਿਰ ਸੁਣਾਈਆਂ ਗਈਆਂ,
ਮੈਨੂੰ ਜੰਗ ਦੀਆਂ ਕਹਾਣੀਆਂ।
ਰੋਜ਼ ਮਰਦੇ ਸਨ ਫੌਜੀ।
ਵਿਧਵਾ ਔਰਤਾਂ ਦੇ ਢੇਰ ਦੋਵੇਂ ਪਾਸੇ ਸੀ।
ਡੁੱਲਿਆ ਇਨਸਾਨੀ ਲਹੂ ਵੀ ਇੱਕੋ ਰੰਗ ਦਾ ਹੀ ਸੀ।
ਬਣਤਰ ਵੀ ਦੋਨਾਂ ਪਾਸਿਆਂ ਦੀਆਂ,
ਲਾਸ਼ਾਂ ਦੀ ਇੱਕੋ ਜਿਹੀ ਸੀ।
ਮੇਰਾ ਨਾਸਮਝ ਮਨ ਇਹ ਸਮਝ ਹੀ ਨਹੀਂ ਸਕਿਆ
ਕਿ ਮੇਰੀ ਦਾਦੀ ਦੀ ਭੈਣ
ਜੋ ਪਾਕਿਸਤਾਨ ਵਿਚ ਹੈ,
ਉਸ ਦਾ ਟੱਬਰ ਤੇ ਸਾਡਾ ਟੱਬਰ ਕਿਉਂ ਲੜ ਰਿਹਾ ਹੈ?
ਅੱਜ ਸਮਝ ਆਉਣ ਤੇ ਵੀ
ਮੈਂ ਸਮਝਾ ਨਹੀਂ ਸਕੀ
ਆਪਣੀ ਬੇਟੀ ਨੂੰ
ਕਿ ਤੂੰ ਲਾਹੌਰ ਵਿਚ ਕੁੱਝ ਅਲੱਗ ਕੀ ਵੇਖੇਂਗੀ
ਜੋ ਦਿੱਲੀ ਵਿਚ ਨਹੀਂ।
ਨਾ ਬਲਾਤਕਾਰਾਂ ਦੀ ਕਮੀ ਹੈ ਕਿਸੇ ਪਾਸੇ
ਨਾ ਭਰੂਣ ਹੱਤਿਆ ਵਿਚ ਕੋਈ ਪਿੱਛੇ ਹੈ।
ਖ਼ਾਨਦਾਨ ਦੀ ਅਖੌਤੀ ਇੱਜ਼ਤ ਲਈ,
ਬੇਟੀਆਂ ਦੋਨਾਂ ਪਾਸੇ ਹੁੰਦੀਆਂ ਨੇ ਕੁਰਬਾਨ।
ਜੇ ਸ਼ੋਸ਼ਣ ਔਰਤਾਂ ਦਾ ਹੈ ਬਰਾਬਰ
ਤਾਂ ਹੱਦਾਂ ਵੰਡਣ ਦੀ ਲੋੜ ਕੀ ਹੈ?
ਆਓ ਦੋਨਾਂ ਪਾਸਿਆਂ ਦੀਆਂ
ਅੱਜ ਸਭ ਔਰਤਾਂ ਰੱਲ ਬੈਠੀਏ,
ਤੇ ਆਪਣੀ ਧਰਤੀ ਮਾਂ 'ਤੇ
ਆਪਣਿਆਂ ਦੇ ਡੁੱਲੇ ਲਹੂ ਨੂੰ ਹੱਥ ਵਿਚ
ਚੁੱਕ ਸਭ ਨੂੰ ਵਿਖਾਈਏ।
ਜਿਸ ਮਾਂ ਦੇ ਸੀਨੇ ਨੂੰ
ਚੀਰਿਆ ਗਿਆ ਸੀ,
ਓਸ ਧਰਤੀ ਮਾਂ ਦਾ ਵੈਣ ਵੀ
ਅੱਜ ਰਲ ਕੇ ਸੁਣੀਏ।
ਜੋ ਆਪਣੇ ਹਜ਼ਾਰਾਂ ਪੁੱਤਰਾਂ ਦਾ ਲਹੂ
ਆਪਣੀ ਗੋਦ ਵਿਚ ਸਮੋਈ ਬੈਠੀ ਹੈ।
ਤੇ ਆਓ, ਓਸ ਦੇ ਭਖਦੇ ਹੋਏ ਦਿਲ ਵਿਚ
ਅੱਜ ਇੱਕ ਪਿਆਰ ਦਾ ਬੀਜ ਬੋਈਏ,
ਜੋ ਪੁੰਗਰ ਕੇ,
ਕੱਲ ਏਨਾ ਸੰਘਣਾ ਦਰਖ਼ਤ ਬਣ ਜਾਏ
ਜਿਸ ਥੱਲੇ ਦੋਨੋਂ ਦੇਸ ਠੰਢੀ ਛਾਂ ਮਾਣ ਸਕਣ।
ਕੋਈ ਇੱਕ ਤਾਂ ਏਸ ਹਜੂਮ ਵਿੱਚੋਂ
ਮੇਰੇ ਨਾਲ ਦੁਆ ਕਰੋ
ਕਿ ਮੇਰੀ ਬੇਟੀ ਦੀ ਬੇਟੀ
ਤਾਂ ਪਟਿਆਲਿਓਂ ਲਾਹੌਰ
ਓਸੇ ਤਰ੍ਹਾਂ ਜਾਏ
ਜਿਵੇਂ ਪਟਿਆਲਿਓਂ ਦਿੱਲੀ ਜਾਈਦੈ।

* * *

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ

# ਅਕਤੂਬਰ ਵਿਚ ਪਰਾਲੀ ਨੂੰ ਫਿਰ ਅੱਗਾਂ ਲੱਗਣਗੀਆਂ ਤੇ ਪੰਜਾਬ ਦੇਖਦਾ ਰਹੇਗਾ

**ਇੰਦਰਜੀਤ ਸਿੰਘ ਘੁੰਗਰਾਲੀ**

> **"ਆਕਸੀਜਨ ਦੇ ਤਿੰਨ ਅਣੂਆਂ ਤੋਂ ਬਣਨ ਵਾਲੀ ਓਜ਼ੋਨ ਗੈਸ ($0_3$) ਦਾ ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਜੇਕਰ ਇਹ ਵਾਤਾਵਰਣ ਵਿਚ ਹੋਵੇ ਤਾਂ ਸਭ ਤੋਂ ਪਹਿਲਾਂ ਹਵਾ ਪ੍ਰਦੂਸ਼ਣ ਦੇ ਰੂਪ ਵਿਚ ਪਸ਼ੂਆਂ ਨੂੰ ਸਾਹ ਲੈਣ ਵਿਚ ਤਕਲੀਫ਼ ਪੈਦਾ ਕਰਦੀ ਹੈ ਅਤੇ ਕਈ ਤਰ੍ਹਾਂ ਦੇ ਸੰਵੇਦਨਸ਼ੀਲ ਪੌਦਿਆਂ ਨੂੰ ਸਾੜ ਕੇ ਖਤਮ ਕਰ ਦਿੰਦੀ ਹੈ।"**

ਉਦਯੋਗਿਕ ਅਤੇ ਹੋਰਨਾਂ ਮਨੁੱਖੀ ਗਤੀਵਿਧੀਆਂ ਕਰਕੇ ਖਾਸ ਤੌਰ 'ਤੇ ਖੇਤੀ ਖੇਤਰ ਵਿਚ ਕੀਟਨਾਸ਼ਕਾਂ, ਨਦੀਨਨਾਸ਼ਕਾਂ ਆਦਿ ਦੀ ਅੰਨ੍ਹੇਵਾਹ ਵਰਤੋਂ ਦਾ ਹੀ ਨਤੀਜਾ ਹੈ ਕਿ ਪਿਛਲੇ 50 ਸਾਲਾਂ ਤੋਂ ਵਾਯੂਮੰਡਲ ਦੇ ਤਾਪਮਾਨ ਵਿਚ ਬਹੁਤ ਵਾਧਾ ਹੋਇਆ ਹੈ। ਦੁਨੀਆਂ ਭਰ ਵਿਚ ਓਜ਼ੋਨ ਦੀ ਪਤਲੀ ਹੁੰਦੀ ਪਰਤ ਨੂੰ ਲੈ ਕੇ ਹਾਹਾਕਾਰ ਮਚੀ ਹੋਈ ਹੈ। ਪਰ ਭਾਰਤ ਦਾ ਵਿਕਸਤ ਕਹਾਉਂਦਾ ਪੰਜਾਬ ਰਾਜ ਅੱਜ ਵੀ ਵਿਕਾਸ ਦੇ ਨਸ਼ੇ 'ਚ ਚੂਰ ਹੋਇਆ ਇਸ ਮਹੱਤਵਪੂਰਨ ਮੁੱਦੇ 'ਤੇ ਅਵੇਸਲਾ ਨਜ਼ਰ ਆਉਂਦਾ ਹੈ। ਹੁਣ ਜਦ ਅਕਤੂਬਰ ਮਹੀਨੇ ਦੇ ਆਰੰਭ ਵਿਚ ਉੱਤਰੀ ਭਾਰਤ ਦੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਝੋਨੇ ਦੀ ਪਰਾਲੀ ਸੜੇਗੀ ਤਾਂ ਕਾਰਬਨ ਗੈਸਾਂ ਦੀ ਨਿਕਾਸੀ ਹੋਵੇਗੀ। ਪ੍ਰਦੇਸ਼ ਦੇ ਵਾਤਾਵਰਣ ਵਿਚ ਪਿਛਲੇ 30 ਸਾਲਾਂ 'ਚ ਖਾਸੇ ਬਦਲਾਅ ਆਏ ਹਨ। ਰਾਤਾਂ ਗਰਮ ਅਤੇ ਦਿਨ ਠੰਢੇ ਹੋਣ ਲੱਗੇ ਹਨ। ਫਿਰ ਵੀ ਹਵਾ ਪ੍ਰਦੂਸ਼ਣ ਦੇ ਇਸ ਪਹਿਲੂ 'ਤੇ ਹਰ ਕੋਈ ਚੁੱਪ ਹੈ।

ਦੱਸਣਯੋਗ ਹੈ ਕਿ ਗਰੀਨ ਹਾਊਸ ਗੈਸਾਂ-ਕਾਰਬਨਡਾਈਕਸਾਈਡ, ਨਾਈਟਰਸ ਆਕਸਾਈਡ, ਮੀਥੇਨ ਅਤੇ ਕਲੋਰੋਫਲੋਰੋਕਾਰਬਨ, ਕੁਦਰਤੀ ਤੌਰ 'ਤੇ ਵਾਤਾਵਰਣ ਵਿਚ ਮੌਜੂਦ ਹੁੰਦੀਆਂ ਹਨ ਜੋ ਸੂਰਜ ਦੀ ਗਰਮੀ ਨੂੰ ਸੋਖਦੀਆਂ ਹਨ ਅਤੇ ਧਰਤੀ ਦੇ ਤਾਪਮਾਨ ਨੂੰ 33°C 'ਤੇ ਗਰਮ ਰੱਖਦੀਆਂ ਹਨ, ਜਿਸਦੇ ਸਿੱਟੇ ਵਜੋਂ ਧਰਤੀ 'ਤੇ ਜੀਵਨ ਵੱਧਦਾ-ਫੁੱਲਦਾ ਹੈ। ਪਰ ਮਨੁੱਖੀ ਗਤੀਵਿਧੀਆਂ ਕਰਕੇ ਪਿਛਲੇ 50 ਸਾਲਾਂ ਤੋਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਬਹੁਤ ਵਧੀ ਹੈ। 1900 ਦੇ ਮੁਕਾਬਲੇ ਅੱਜ ਵਾਯੂਮੰਡਲ ਦਾ ਔਸਤ ਤਾਪਮਾਨ 1°C ਤੱਕ ਵੱਧ ਗਿਆ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਦੀ ਵਿਚ ਇਹ ਵਾਧਾ 4.5°C ਤੱਕ ਪਹੁੰਚ ਜਾਵੇਗਾ। ਉਂਝ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗੈਸਾਂ ਕਾਰਾਂ ਦੇ ਇੰਜਣਾਂ ਜਾਂ ਇੰਡਸਟਰੀ ਤੋਂ ਨਿਕਲੇ ਸਿੱਧੇ ਪ੍ਰਦੂਸ਼ਣ ਤੋਂ ਪ੍ਰਭਾਵਿਤ ਨਹੀਂ ਹੁੰਦੀਆਂ ਪਰ ਸੂਰਜ ਦੀ ਰੋਸ਼ਨੀ ਦੇ ਹਾਈਡ੍ਰੋਕਾਰਬਨ ਤੇ ਨਾਈਟਰੋਜਨ ਆਕਸਾਈਡ ਨਾਲ ਪ੍ਰਤੀਕਿਰਿਆ ਕਰਨ 'ਤੇ ਅਸਰ ਜ਼ਰੂਰ ਹੁੰਦਾ ਹੈ। ਉੱਤਰੀ ਭਾਰਤ ਵਿਚ ਪਰਾਲੀ ਦੇ ਸੜਨ ਨਾਲ ਉੱਠਿਆ ਧੂੰਆਂ ਤੇ ਹਵਾ ਵਿਚ ਮੌਜੂਦ ਨਮੀ ਦੇ ਮਿਸ਼ਰਣ ਤੋਂ ਬਣਿਆ ਸਮੋਗ ਆਦਰਸ਼ ਸਥਿਤੀਆਂ ਪੈਦਾ ਕਰਦੇ ਹਨ।

ਆਕਸੀਜਨ ਦੇ ਤਿੰਨ ਅਣੂਆਂ ਤੋਂ ਬਣਨ ਵਾਲੀ ਓਜ਼ੋਨ ਗੈਸ ($0_3$) ਦਾ ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਜੇਕਰ ਇਹ ਵਾਤਾਵਰਣ ਵਿਚ ਹੋਵੇ ਤਾਂ ਸਭ ਤੋਂ ਪਹਿਲਾਂ ਹਵਾ ਪ੍ਰਦੂਸ਼ਣ ਦੇ ਰੂਪ ਵਿਚ ਪਸ਼ੂਆਂ ਨੂੰ ਸਾਹ ਲੈਣ ਵਿਚ ਤਕਲੀਫ਼ ਪੈਦਾ ਕਰਦੀ ਹੈ ਅਤੇ ਕਈ ਤਰ੍ਹਾਂ ਦੇ ਸੰਵੇਦਨਸ਼ੀਲ ਪੌਦਿਆਂ ਨੂੰ ਸਾੜ ਕੇਖ ਤਮਕ ਰਿ ਦੰਦੀਹੈ ।ਪ ਰਜ ਦੌਂਿ ਏਹੀਨ ਿਲੇਰ ਂਗਦ ਿਓ ਜ਼ਨਗ ੈਸ ਵਾਤਾਵਰਣ ਦੇ ਉੱਪਰੀ ਹਿੱਸੇ ਵਿਚ, ਧਰਤੀ ਤੋਂ 10 ਤੋਂ 50 ਕਿਲੋਮੀਟਰ ਦੀ ਦੂਰੀ 'ਤੇ ਹੁੰਦੀ ਹੈ ਤਾਂ ਇਸ ਦੀ ਮੋਟੀ ਪਰਤ ਖਾਸੀ ਲਾਭਕਾਰੀ ਹੋ ਜਾਂਦੀ ਹੈ ਅਤੇ ਧਰਤੀ 'ਤੇ ਪਹੁਚੰਣ ਵਾਲੀਆਂ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨਜ਼ ਨੂੰ ਪਹਿਲਾਂ ਹੀ ਰੋਕ ਦਿੰਦੀ ਹੈ। ਪਰ ਰੈਫਰੀਜ਼ਰੇਟਰਾਂ, ਏਅਰ ਕੰਡੀਸ਼ਨਰਾਂ ਤੋਂ ਨਿਕਲਣ ਵਾਲੇ ਕਲੋਰੋਫਲੋਰੋਕਾਰਬਨ ਓਜ਼ੋਨ ਪਰਤ ਦਾ ਨੁਕਸਾਨ ਕਰ ਰਹੇ ਹਨ। ਹਵਾ 'ਚ ਮਿਲੇ ਕਲੋਰੋਫਲੋਰੋਕਾਰਬਨ 7 ਤੋਂ 10 ਸਾਲਾਂ ਵਿਚ ਵਾਯੂਮੰਡਲ ਦੀ ਸਟਰੈਟੋਸਫੇਅਰ ਪਰਤ ਤੱਕ ਪਹੁੰਚ ਜਾਂਦੇ ਹਨ, ਜਿੱਥੇ ਇਹ ਓਜ਼ਨ ਪਰਤ ਨੂੰ ਤਬਾਹ ਕਰਦੇ ਹਨ। ਇਹ 75 ਤੋਂ 130 ਸਾਲਾਂ ਤੱਕ ਟਿਕੇ ਰਹਿੰਦੇ ਹਨ ਅਤੇ ਲਗਾਤਾਰ ਓਜ਼ੋਨ ਪਰਤ ਨੂੰ ਘਟਾਉਂਦੇ ਰਹਿੰਦੇ ਹਨ। ਸਿੱਟੇ ਵਜੋਂ ਸੂਰਜ ਦੀਆਂ ਹਾਨੀਕਾਰਕ ਅਲਟ੍ਰਾਵਾਇਨੇਟ ਕਿਰਨਾਂ ਧਰਤੀ ਤੱਕ ਪਹੁੰਚਣ ਲੱਗੀਆਂ ਹਨ ਜਿਸ ਕਰਕੇ ਸਕਿਨ ਕੈਂਸਰ ਦੇ ਹਜ਼ਾਰਾਂ ਨਵੇਂ ਕੇਸ ਸਾਹਮਣੇ ਆਏ ਹਨ ਅਤੇ ਸੰਸਾਰ ਦੀਆਂ ਮੁੱਖ ਫਸਲਾਂ ਦਾ ਲਗਭਗ 75% ਹਿੱਸਾ ਇਸਦੀ ਮਾਰ ਹੇਠ ਆਇਆ ਹੈ।

ਸੋਸ਼ਲ ਸਾਇੰਸਿਜ਼ ਐਂਡ ਹੈਲਥ ਫੋਰਮ ਦੇ ਡਾ. ਖੋਸਲਾ ਕਹਿੰਦੇ ਹਨ ਕਿ ਗਰਮੀ ਦੇ ਦਿਨਾਂ ਵਿਚ ਜੇਕਰ ਤੁਹਾਡੀ ਕਾਰ ਧੁੱਪ ਵਿਚ ਪਾਰਕ ਵਿਚ ਖੜ੍ਹੀ ਹੋਵੇ ਤਾਂ ਕਾਰ ਵਿਚ ਬੈਠਦੇ ਹੀ ਅਲਟਰਾ ਵਾਇਲਟ ਕਿਰਨਾਂ ਦੀ ਵਜ੍ਹਾ ਕਾਰਨ ਬੇਹੋਸ਼ ਹੋਣ ਵਾਲੀ ਸਥਿਤੀ ਬਣ ਜਾਵੇਗੀ। ਇਹ ਕਿਰਨਾਂ ਜਦੋਂ ਇਕ ਵਾਰ ਕਾਰ ਦੇ ਅੰਦਰ ਪਹੁੰਚ ਜਾਣ ਤਾਂ ਜਲਦੀ ਬਾਹਰ ਨਹੀਂ ਨਿਕਲਦੀਆਂ। ਧਰਤੀ ਦੀ ਹਾਲਤ ਵੀ ਅਸੀਂ ਕੁਝ ਅਜਿਹੀ ਹੀ ਕਰ ਦਿੱਤੀ ਹੈ।

ਪੰਜਾਬੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਡਾਇਰੈਕਟਰ ਚਰਨਜੀਤ ਸਿੰਘ ਨਾਭਾ ਅਨੁਸਾਰ ਪੰਜਾਬ ਵਿਚ ਪਰਾਲੀ ਸੜ੍ਹਦੀ ਹੈ, ਥੋੜ੍ਹਾ-ਬਹੁਤ ਹੋਰ ਹਵਾ ਪ੍ਰਦੂਸ਼ਣ ਵੀ ਹੁੰਦਾ ਹੈ ਲੇਕਿਨ ਇਨ੍ਹਾਂ ਸਾਰਿਆਂ ਦਾ ਓਜ਼ੋਨ ਗੈਸ ਦੀ ਪਰਤ ਨਾਲ ਸਿੱਧਾ ਸੰਬੰਧ ਨਹੀਂ ਹੈ। ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਮਿਥੇਨ ਵਰਗੀਆਂ ਜ਼ਿਆਦਾਤਰ ਗਰੀਨ ਹਾਊਸ ਗੈਸਾਂ ਵਿਕਸਿਤ ਦੇਸ਼ਾਂ ਦੀ ਦੇਣ ਹਨ।

ਸੰਸਾਰ ਦੇ ਵਿਕਸਿਤ ਦੇਸ਼ਾਂ ਦੀ ਫਿਕਰ ਛੱਡੋ ਆਪਣੇ ਦੇਸ਼ ਪੰਜਾਬ ਦੀ ਫਿਕਰ ਕਰੋ। ਜਿਸ ਤਰ੍ਹਾਂ ਪਿੰਡਾਂ-ਸ਼ਹਿਰਾਂ ਵਿਚ ਸਾਹ ਦੇ ਰੋਗੀਆਂ ਦੀ, ਕਿਡਨੀ ਰੋਗੀਆਂਦ ੀ,ਕ ੈਂਸਰਰ ੋਗੀਆਂਦ ੀਅ ਤੇਹ ਾਰਟ-ਅਟੈਕਦ ੇਰ ੋਗੀਆਂਦ ੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਹੈ, ਉਸ ਨਾਲ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿਚ ਪਰਲੋ ਵਰਗੇ ਹਾਲਾਤ ਹਰ ਥਾਂਈਂ ਨਜ਼ਰੀ ਪੈਣਗੇ, ਅੰਮ੍ਰਿਤ ਵਰਗਾ ਪਾਣੀ ਪੰਜਾਬ ਦਾ ਪੀਣ ਦੇ ਯੋਗ ਨਹੀਂ ਰਿਹਾ, ਸਾਫ਼ ਹਵਾ ਲੱਭਦੀ ਨਹੀਂ, ਧਰਤੀ ਮਾਂ ਕੀਟਨਾਸ਼ਕਾਂ ਤੇ ਰਸਾਇਣਕ ਖਾਦਾਂ ਨਾਲ ਅੱਟੀ ਪਈ ਹੈ। ਪੰਜਾਬੀਓ ਹੋਸ਼ ਕਰੋ ਸਰਬੱਤ ਦੇ ਭਲੇ ਦੀ ਥਾਂ ਸਰਬ ਵਿਨਾਸ਼ ਵਾਲਾ ਰਾਹ ਛੱਡ ਦੇਵੋ, ਇਸ ਲਈ ਸਾਰੇ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਜਾਗਣਾ ਪਵੇਗਾ। ਸਰਕਾਰਾਂ ਨੂੰ ਵੋਟ ਬੈਂਕ ਦੀ ਹੀ ਚਿੰਤਾ ਹੈ – ਪੰਜਾਬ ਦੀ ਨਹੀਂ, ਪੰਜਾਬ ਦੇ ਲੋਕਾਂ ਨੂੰ ਹੀ ਕੁਝ ਕਰਨਾ ਪਵੇਗਾ ਪਹਿਲਾਂ ਵਾਲਾ ਸਹਿਜ ਵਾਲਾ ਜੀਵਨ ਮੁੜ ਅਪਨਾਉਣਾ ਪਵੇਗਾ।

# ਪੰਜਾਬ ਵਿੱਚ ਵਧ ਰਹੇ ਅਪਰਾਧਾਂ ਲਈ ਜ਼ਿੰਮੇਵਾਰ ਕੌਣ?

ਜਸਵਿੰਦਰ ਸਿੰਘ

**ਪੰਜਾਬੀਓ ਉਠੋ ਜਾਗੋ ਤੇ ਅਣਖੀਲੇ ਸੂਰਮੇ ਬਣਕੇ ਪੰਜਾਬ ਅੰਦਰ ਫੈਲ ਰਹੀ ਅਪਰਾਧਿਕ ਅੱਗ ਨੂੰ ਬੁਝਾਉਣ ਲਈ ਇਕ ਜੁੱਟ ਹੋ ਜਾਵੋ। ਇਥੇ ਇਕ ਵਾਰ ਇਹ ਵੀ ਸੋਚੋ ਕਿ ਇਸ ਲਈ ਜ਼ਿੰਮੇਵਾਰ ਕੌਣ ਹੈ ਅਸੀਂ ਜਾਂ ਸਾਡੀ ਸਰਕਾਰ? ਪਰ ਲੱਗਦਾ ਇਹ ਹੈ ਕਿ ਸਰਕਾਰ ਨਾਲੋਂ ਜ਼ਿਆਦਾ ਅਸੀਂ ਹੀ ਕਸੂਰਵਾਰ ਹਾਂ। ਕਿਉਂਕਿ ਇਹ ਤਾਂ ਗੁਰੂ ਸਾਹਿਬਾਨਾਂ ਦੇ ਵੀ ਫੁਰਮਾਨ ਹਨ ਕਿ ਜੁਲਮ ਕਰਨ ਨਾਲੋਂ ਜੁਲਮ ਸਹਿਣਾ ਵੀ ਪਾਪ ਹੈ। ਆਪਣੇ ਹੀ ਘਰ ਵਿੱਚ ਸੁਰੱਖਿਅਤ ਆਪਾ ਆਪਣੇ ਘਰ ਵਿੱਚ ਹੀ ਮਹਿਸੂਸ ਕਰਦੇ ਹਾਂ ਪਰ ਜਦ ਘਰ ਵਿੱਚ ਹੀ ਰਾਤ ਨੂੰ ਸੁੱਤਿਆਂ ਹੋਏ ਪਰਿਵਾਰ ਤੇ ਆ ਕੇ ਕੋਈ ਪੈਟਰੋਲ ਪਾ ਕੇ ਅੱਗ ਲਗਾ ਜਾਂਦਾ ਹੈ ਤਾਂ ਫਿਰ ਦੱਸੋ ਕਿ ਹੋਰ ਅਜਿਹੀ ਕਿਹੜੀ ਥਾਂ ਬਚੀ ਹੈ ਜਿਸ ਨੂੰ ਅਸੀਂ ਸੁਰੱਖਿਅਤ ਮਹਿਸੂਸ ਕਰ ਸਕੀਏ। ਸੋ ਪੰਜਾਬ ਵਾਸੀਓ ਇਹ ਦੁਰਘਟਨਾਵਾਂ ਉਨਾਂ ਚਿਰ ਨਹੀਂ ਰੁਕਣੀਆਂ ਜਿੰਨਾ ਚਿਰ ਪੂਰੇ ਪੰਜਾਬ ਦਾ ਬੱਚਾ ਬੱਚਾ ਇਸ ਗੁੰਡਾਗਰਦੀ ਨੂੰ ਰੋਕਣ ਲਈ ਨਹੀਂ ਤਿਆਰ ਹੁੰਦਾ**

ਕਦੇ ਉਹ ਵੀ ਸਮਾਂ ਸੀ ਜਦ ਸਾਰਾ ਪੰਜਾਬ ਇਕੋ ਹੀ ਪਰਿਵਾਰ ਦੀ ਤਰ੍ਹਾਂ ਵਿਚਰਦਾ ਸੀ। ਇਨਸਾਨੀਅਤ ਜਿਊਂਦੀ ਸੀ। ਜੇਕਰ ਕਿਸੇ ਤੇ ਕੋਈ ਦੁੱਖ ਤਕਲੀਫ ਆ ਜਾਂਦੀ ਤਾਂ ਉਸ ਪਰਿਵਾਰ ਨਾਲ ਦਿਲੋ ਹਮਦਰਦੀ ਕਰਦੇ ਹੋ ਉਸ ਦੇ ਦੁੱਖ ਨੂੰ ਘਟਾਉਣ ਦੇ ਯਤਨ ਕੀਤੇ ਜਾਂਦੇ ਸਨ। ਪਰ ਅੱਜ ਸਾਡੇ ਪੰਜਾਬ ਵਿੱਚ ਬਹੁਤ ਹੀ ਘਿਨਾਉਣੇ ਅਪਰਾਧ ਵਧਦੇ ਜਾ ਰਹੇ ਹਨ। ਉਨ੍ਹਾਂ ਲਈ ਜ਼ਿੰਮੇਵਾਰ ਕੌਣ ਹੈ ਅਸੀਂ ਤੁਸੀਂ ਜਾਂ ਸਰਕਾਰ ਇਸ ਗੱਲ ਨੂੰ ਦਿਲੋਂ ਸੋਚਣਾ ਹਰ ਇਕ ਪੰਜਾਬੀ ਲਈ ਸਮੇਂ ਦੀ ਮੁੱਖ ਲੋੜ ਹੈ। ਇਨ੍ਹਾਂ ਹੋ ਰਹੇ ਜੁਲਮਾਂ ਦੇ ਵਿਰੁੱਧ ਆਵਾਜ਼ ਉਠਾਉਣ ਦੀ ਬਜਾਏ ਅਸੀਂ ਇਕ ਤਮਾਸ਼ਬੀਨ ਬਣਕੇ ਸਿਰਫ ਤੇ ਸਿਰਫ ਇਕ ਤਮਾਸ਼ਾ ਹੀ ਵੇਖ ਰਹੇ ਹਾਂ। ਅੱਜ ਸਾਡੇ ਵਿੱਚ ਉਹ ਪੁਰਾਣੀ ਅਣਖ ਤੇ ਹਿੰਮਤ ਖਤਮ ਹੋ ਚੁੱਕੀ ਹੈ ਉਨ੍ਹਾਂ ਮਜਲੂਮਾਂ ਨਾਲ ਦਰਦ ਵੰਡਾਉਣ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਦੀ। ਸਿਰਫ ਹੁਣ ਤਾਂ ਉਹ ਚੰਦ ਕੁ ਰਾਜਨੀਤਿਕ ਬੰਦੇ ਹੀ ਸੱਚੇ ਝੂਠੇ ਬਿਆਨ ਦੇ ਕੇ ਉਨ੍ਹਾਂ ਦੁਖੀ ਪਰਿਵਾਰਾਂ ਨਾਲ ਝੂਠੀ ਹਮਦਰਦੀ ਜਿਤਾ ਕੇ ਆਪਣੀਆਂ ਸਿਆਸੀ ਰੋਟੀਆਂ ਹੀ ਸੇਕਣੀਆਂ ਚਾਹੁੰਦੇ ਹਨ। ਜਿਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦਾ। ਅੱਜ ਮੈਂ ਇਸ ਲੇਖ ਰਾਹੀਂ ਪੰਜਾਬ ਵਿੱਚ ਹੋਏ ਕਈ ਅਪਰਾਧਾਂ ਦੀਆਂ ਉਦਾਹਰਨਾਂ ਦੇ ਕੇ ਹਰ ਇਕ ਪੰਜਾਬ ਵਾਸੀ ਨੂੰ ਇਹ ਅਹਿਸਾਸ ਕਰਵਾਉਣ ਦੀ ਤੁਛ ਜਿਹੀ ਕੋਸ਼ਿਸ਼ ਕਰ ਰਿਹਾ ਹਾਂ ਕਿ ਕੀ ਅਸੀਂ ਉਹੀ ਪੰਜਾਬੀ ਅਣਖੀ ਤੇ ਤਾਕਤਵਰ ਸੂਰਮੇ ਹਾਂ ਜਿਨ੍ਹਾਂ ਦੀ ਕਦੇ ਪੂਰੀ ਦੁਨੀਆਂ ਵਿੱਚ ਮਿਸਾਲ ਦਿੱਤੀ ਜਾਂਦੀ ਸੀ। ਮੰਨ ਲਵੋ ਕਿ ਜਦ ਕਦੇ ਕਿਸੇ ਪਿੰਡ ਦੇ ਇਕ ਘਰ ਨੂੰ ਅੱਗ ਲੱਗ ਜਾਂਦੀ ਹੈ ਤਾਂ ਅਸੀਂ ਸਾਰੇ ਇਕੱਠੇ ਹੋ ਕੇ ਉਸ ਅੱਗ 'ਤੇ ਕਾਬੂ ਪਾਉਣਾ ਚਾਹੁੰਦੇ ਹਾਂ ਕਿ ਕਿਤੇ ਇਹ ਅੱਗ ਆਸੇ-ਪਾਸੇ ਦੇ ਘਰਾਂ ਜਾਂ ਸਾਰੇ ਪਿੰਡ ਨੂੰ ਹੀ ਆਪਣੀ ਲਪੇਟ ਵਿੱਚ ਨਾ ਲੈ ਲਵੇ। ਪਰ ਹੁਣ ਇਸੇ ਗਲ ਤੇ ਤੁਸੀਂ ਆਪਣੇ ਦਿਲ ਤੇ ਹੱਥ ਧਰਕੇ ਇਹ ਸੋਚਿਆ ਜੇ ਕਿ ਕੀ ਅਸੀਂ ਪੰਜਾਬ ਵਿੱਚ ਲੱਗੀ ਹੋਈ ਅੱਗ ਨੂੰ ਬੁਝਾਉਣ ਦੀ ਕਦੇ ਕੋਈ ਕੋਸ਼ਿਸ਼ ਕੀਤੀ ਹੈ। ਜਾਂ ਫਿਰ ਅਸੀਂ ਇਸ ਨੂੰ ਉਦੋਂ ਬੁਝਾਉਣ ਲਗਾਂਗੇ ਜਦ ਇਹ ਪੰਜਾਬ ਦੇ ਪੂਰੇ ਸ਼ਹਿਰਾਂ, ਕਸਬਿਆਂ, ਪਿੰਡਾਂ ਤੇ ਹਰ ਇੱਕ ਗਲੀ ਮੁਹੱਲੇ ਵਿੱਚੋਂ ਹੁੰਦੀ ਹੋਈ ਸਾਡੇ ਘਰ ਤੱਕ ਪਹੁੰਚ ਜਾਵੇਗੀ। ਤੁਸੀਂ ਹੀ ਦੱਸੋ ਕਿ ਫਿਰ ਕੀ ਫਾਇਦਾ ਹੋਵੇਗਾ ਜਦ ਸਭ ਕੁਝ ਸੜਕੇ ਸੁਆਹ ਹੋਣ ਤੱਕ ਪਹੁੰਚ ਗਿਆ। ਸੋ ਪੰਜਾਬੀਓ ਉਠੋ ਜਾਗੋ ਤੇ ਅਣਖੀਲੇ ਸੂਰਮੇ ਬਣਕੇ ਪੰਜਾਬ ਅੰਦਰ ਫੈਲ ਰਹੀ ਅਪਰਾਧਿਕ ਅੱਗ ਨੂੰ ਬੁਝਾਉਣ ਲਈ ਇਕ ਜੁੱਟ ਹੋ ਜਾਵੋ। ਇਥੇ ਇਕ ਵਾਰ ਇਹ ਵੀ ਸੋਚੋ ਕਿ ਇਸ ਲਈ ਜ਼ਿੰਮੇਵਾਰ ਕੌਣ ਹੈ ਅਸੀਂ ਜਾਂ ਸਾਡੀ ਸਰਕਾਰ? ਪਰ ਲੱਗਦਾ ਇਹ ਹੈ ਕਿ ਸਰਕਾਰ ਨਾਲੋਂ ਜ਼ਿਆਦਾ ਅਸੀਂ ਹੀ ਕਸੂਰਵਾਰ ਹਾਂ। ਕਿਉਂਕਿ ਇਹ ਤਾਂ ਗੁਰੂ ਸਾਹਿਬਾਨਾਂ ਦੇ ਵੀ ਫੁਰਮਾਨ ਹਨ ਕਿ ਜੁਲਮ ਕਰਨ ਨਾਲੋਂ ਜੁਲਮ ਸਹਿਣਾ ਵੀ ਪਾਪ ਹੈ। ਆਪਣੇ ਹੀ ਘਰ ਵਿੱਚ ਸੁਰੱਖਿਅਤ ਆਪਾ ਆਪਣੇ ਘਰ ਵਿੱਚ ਹੀ ਮਹਿਸੂਸ ਕਰਦੇ ਹਾਂ ਪਰ ਜਦ ਘਰ ਵਿੱਚ ਹੀ ਰਾਤ ਨੂੰ ਸੁੱਤਿਆਂ ਹੋਏ ਪਰਿਵਾਰ ਤੇ ਆ ਕੇ ਕੋਈ ਪੈਟਰੋਲ ਪਾ ਕੇ ਅੱਗ ਲਗਾ ਜਾਂਦਾ ਹੈ ਤਾਂ ਫਿਰ ਦੱਸੋ ਕਿ ਹੋਰ ਅਜਿਹੀ ਕਿਹੜੀ ਥਾਂ ਬਚੀ ਹੈ ਜਿਸ ਨੂੰ ਅਸੀਂ ਸੁਰੱਖਿਅਤ ਮਹਿਸੂਸ ਕਰ ਸਕੀਏ। ਸੋ ਪੰਜਾਬ ਵਾਸੀਓ ਇਹ ਦੁਰਘਟਨਾਵਾਂ ਉਨਾਂ ਚਿਰ ਨਹੀਂ ਰੁਕਣੀਆਂ ਜਿੰਨਾ ਚਿਰ ਪੂਰੇ ਪੰਜਾਬ ਦਾ ਬੱਚਾ ਬੱਚਾ ਇਸ ਗੁੰਡਾਗਰਦੀ ਨੂੰ ਰੋਕਣ ਲਈ ਨਹੀਂ ਤਿਆਰ ਹੁੰਦਾ ਇਹ ਨਾ ਸੋਚੋ ਕਿ ਇਹ ਘਟਨਾ ਤਾਂ ਸਾਡੇ ਪਿੰਡ ਸ਼ਹਿਰ ਜਾਂ ਪਿੰਡ ਜਾਂ ਤੁਹਾਡੇ ਘਰ ਵਿੱਚ ਵੀ ਇਸ ਨੇ ਆਪਣਾ ਨੰਗਾ ਨਾਚ ਵਿਖਾਉਣਾ ਸ਼ੁਰੂ ਕਰ ਦੇਣਾ ਹੈ। ਜਦ ਤੱਕ ਆਪਣੀਆਂ ਪੂਰੇ ਪੰਜਾਬ ਦੀਆਂ ਅੱਖਾਂ ਖੁਲਣੀਆਂ ਨੇ ਤਾਂ ਕਿਤੇ ਓਦੋਂ ਤੱਕ ਜ਼ਿਆਦਾ ਦੇਰ ਵੀ ਨਾ ਹੋ ਚੁੱਕੀ ਹੋਵੇ ਤੇ ਫਿਰ ਇਹ ਆਖ ਕੇ ਸਬਰ ਕਰਨਾ ਪਵੇ ਕਿ **'ਅੱਬ ਪਛਤਾਏ ਕਿਆ ਹੋਤ ਜਬ ਚਿੜੀਆ ਚੁੱਗ ਗਈ ਖੇਤ'**।

# ਸਫ਼ਰ ਮੁੰਨੇ ਦਾ

ਡਾ. ਸਿਮਰਜੀਤ ਗਿੱਲ

ਅੱਜ ਕਾਲਜ ਵਿੱਚ ਸਿਰਫ਼ ਇਕੋ ਚਰਚਾ ਸੀ, ਸਭ ਹੈਰਾਨ ਸਨ ਕਿ ਰਾਜੂ ਇਹੋ ਜਿਹਾ ਨਿਕਲਿਆ ਕਾਲਜ ਕੰਟੀਨ ਵਿਚ ਕੰਮ ਕਰਦੇ ਰਾਜੂ ਨੂੰ ਸਾਰੇ ਬੜਾ ਸਾਊ ਮੁੰਡਾ ਸਮਝਦੇ ਸਨ ਪਰ ਅੱਜ ਪਤਾ ਲੱਗਿਆ ਕਿ ਉਸ ਨੂੰ ਚੋਰੀ ਦੀ ਆਦਤ ਸੀ, ਕੱਲ੍ਹ ਟੂਟੀਆਂ ਚੋਰੀ ਕਰਦਾ ਚੌਂਕੀਦਾਰ ਨੇ ਫੜ ਲਿਆ ਸੀ ਤੇ ਕੱਲ੍ਹ ਹੀ ਪੁਲਿਸ ਦੇ ਹਵਾਲੇ ਕਰ ਦਿੱਤਾ ਸੀ, ਮੁਕੇਸ਼ ਦੱਸ ਰਿਹਾ ਸੀ ਕਿ ਇਹ ਪਹਿਲੀ ਵਾਰ ਨਹੀਂ ਹੋਇਆ 'ਗੱਲੇ' ਵਿਚੋਂ ਕਈ ਵਾਰ ਪੈਸੇ ਚੋਰੀ ਹੋਏ ਸਨ ਕਈ ਵਾਰ ਸਮਝਾਇਆ ਪਰ ਉਸ ਦੀਆਂ ਆਦਤਾਂ ਨਾ ਸੁਧਰੀਆਂ, ਸੁਖਜੀਤ ਮੈਡਮ ਨੂੰ ਤਾਂ ਰਾਜੂ ਉਪਰ ਤਰਸ ਆ ਰਿਹਾ ਸੀ, ਗੱਲ ਵੀ ਸੋਚਣ ਵਾਲੀ ਸੀ। ਜਦੋਂ ਸੁਖਜੀਤ ਨੇ ਕਿਹਾ ਸੀ "ਵਿਚਾਰਾ ਜਦੋਂ ਚੋਰੀ ਮੰਨਿਆ ਤਾਂ ਇਹ ਵੀ ਮੰਨ ਗਿਆ ਕਿ ਮੈਂ ਤਾਂ ਵੀਡਿਓ ਗੇਮ ਵਾਸਤੇ ਇਹ ਚੋਰੀ ਕੀਤੀ ਸੀ...ਆਪਣੇ ਬੱਚਿਆਂ ਦਾ ਵੀ ਤਾਂ ਹਮੇਸ਼ਾ ਵੀਡਿਓ ਗੇਮ 'ਚ ਧਿਆਨ ਰਹਿੰਦਾ, ਰਾਜੂ ਵੀ ਹੈ ਤਾਂ ਬੱਚਾ....।"

ਘਰ ਆਈ ਤਾਂ ਬੇਜੀ ਕਹਿਣ ਲੱਗੇ ਬਖਸ਼ੀਸ਼ ਦਾ ਫੋਨ ਆਇਆ ਸੀ ਕਹਿੰਦੀ ਸੀ, "ਮੁੰਨਾ, ਮੋਗੇ ਆਉਣਾ ਚਾਹੁੰਦਾ...ਪਰ ਮੈਂ ਤਾਂ ਕੋਈ ਜਵਾਬ ਨਹੀਂ ਦਿੱਤਾ..." ਮੈਂ ਬੇਜੀ ਨੂੰ ਕੰਟੀਨ ਵਾਲੇ ਰਾਜੂ ਦੀ ਗੱਲ ਦੱਸੀ ਤਾਂ ਉਹ ਚਿੰਤੁਤ ਹੋ ਗਏ ਕਹਿਣ ਲੱਗੇ, "ਮਾਂ ਬਾਪ ਦੀਆਂ ਗਲਤੀਆਂ ਦੀ ਸਜ਼ਾ ਬੱਚਿਆਂ ਨੂੰ ਭੋਗਣੀ ਪੈਂਦੀ ਹੈ।"

ਸਾਹਮਣੇ ਘਰ ਵਾਲੀ ਸ਼ਰਮਾ ਆਂਟੀ ਬੇਜੀ ਨੂੰ ਆਪਣੇ ਪਿੰਡ ਦੇ ਤਰਖਾਣਾਂ ਦੇ ਮੁੰਡੇ ਬਾਰੇ ਦੱਸਣ ਲੱਗੇ ਪਰ ਬੇਜੀ ਨੂੰ ਰਹਿ-ਰਹਿ ਕੇ ਮੁੰਨਾ ਯਾਦ ਆ ਰਿਹਾ ਸੀ। ਕੋਈ ਸੱਤ ਕੁ ਸਾਲ ਪਹਿਲਾਂ ਭਾਬੀ ਜੀ ਆਪਣੇ ਨਾਨਕੇ ਗਏ ਸੀ ਕਿ ਆਪਣੇ ਮਾਮੇ ਦੇ ਘਰ ਕੰਮ ਕਰਦੇ ਪਾਲੀ ਦੀ ਇਹ ਗੱਲ ਸੁਣ ਕੇ '....ਇਸ ਮੁੰਡੇ ਨੂੰ ਤੁਸੀਂ ਆਪਣੇ ਕੋਲ ਰੱਖ ਲਵੋ...ਮੈਨੂੰ ਬੜੀ ਚਿੰਤਾ ਰਹਿੰਦੀ ਏ ਏਹਦੀ...ਸਾਰਾ ਦਿਨ ਇਧਰ-ਉਧਰ ਫਿਰਦਾ ਰਹਿੰਦਾ ਏ....।'

ਮੁੰਨੇ ਨੂੰ ਭਾਈ ਜੀ ਅੱਗੇ ਲੈ ਆਏ, ਨਾਮ ਤਾਂ ਉਸ ਦਾ ਬੂਟਾ ਸੀ ਪਰ ਮੇਰੇ ਭਤੀਜੇ ਨੇ ਹਮੇਸ਼ਾ ਉਸ ਨੂੰ ਮੁੰਨਾ ਹੀ ਕਹਿ ਕੇ ਬੁਲਾਣਾ ਤੇ ਫਿਰ ਸਾਰਾ ਪਰਿਵਾਰ ਤੇ ਫਿਰ ਪੂਰਾ ਮੁਹੱਲਾ ਹੀ ਉਸ ਨੂੰ 'ਮੁੰਨਾ' ਕਹਿਣ ਲੱਗ ਪਿਆ ਸੀ। ਬੇਜੀ ਨੂੰ ਪਹਿਲਾਂ-ਪਹਿਲ ਇਸ ਨੂੰ ਇੰਜ ਘਰ ਰੱਖਣਾ ਪਸੰਦ ਨਹੀਂ ਸੀ ਪਰ ਦਾਰ ਜੀ ਦੀ ਮੁੰਨੇ ਪ੍ਰਤੀ ਹਮਦਰਦੀ ਦੇਖ ਕੇ ਚੁੱਪ ਹੋ ਜਾਂਦੇ। ਭਾਬੀ ਜੀ ਦਲੀਲ ਦਿੰਦੇ ਕਿ ਮੁੰਨਾ ਘਰ ਦੇ ਕੰਮਾਂ ਵਿੱਚ ਮੱਦਦ ਕਰੇਗਾ, ਵਿਹਲੇ ਸਮੇਂ ਪੜ੍ਹ ਲਿਆ ਕਰੇਗਾ, ਦੱਸਵੀਂ ਤੱਕ ਤਾਂ ਆਪਾਂ ਇਹਨੂੰ ਪੜ੍ਹਾ ਹੀ ਦੇਵਾਂਗੇ। ਪਰ ਮੁੰਨੇ ਨੇ ਪੜ੍ਹਨਾ ਤਾਂ ਕੀ ਸੀ ਉਸ ਨੂੰ ਤਾਂ ਸਾਫ਼ ਬੋਲਣਾ ਵੀ ਨਹੀਂ ਸੀ ਆਉਂਦਾ ਉਸ ਦਾ ਧਿਆਨ ਤਾਂ ਸਿਰਫ਼ ਖਾਣ ਵਿੱਚ ਹੀ ਰਹਿੰਦਾ। ਥੋੜ੍ਹੇ ਹੀ ਦਿਨਾਂ ਵਿਚ ਉਸ ਦਾ ਸਿਧਰਾਪਣ ਸਾਹਮਣੇ ਆ ਗਿਆ ਸੀ, ਉਸ ਨੂੰ ਵਾਪਸ ਪਿੰਡ ਭੇਜਣਾ ਸ਼ਰਮ ਵਾਲੀ ਗੱਲ ਸੀ। ਆਖਰ ਭਾਬੀ ਜੀ ਨੇ ਉਸ ਨੂੰ ਸਿਖਲਾਈ ਦੇਣ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ। ਤਕਰੀਬਨ ਦੋ ਮਹੀਨਿਆਂ ਤੱਕ ਉਸ ਨੂੰ ਸਾਫ਼-ਸੁਥਰਾ ਰਹਿਣ ਤੇ ਠੀਕ ਢੰਗ ਨਾਲ ਉਠਣ-ਬੈਠਣ ਦੀ ਜਾਂਚ ਆ ਗਈ, ਹੁਣ ਉਹ ਘਰ ਵਿਚ ਓਪਰਾ ਨਹੀਂ ਸੀ ਲੱਗਦਾ ਉਹ ਅਕਸਰ ਹੀ ਆਪਣੀ ਮਰੀ ਹੋਈ ਮਾਂ ਨੂੰ, ਆਪਣੀ ਬੁੱਢੀ ਦਾਦੀ, ਅਪਾਹਜ ਭੈਣ ਨੂੰ ਯਾਦ ਕਰਦਾ ਪਰ ਉਸ ਦੇ ਘਰੋਂ ਕੇਵਲ ਉਸ ਦਾ ਬਾਪ ਆਉਂਦਾ ਉਹ ਵੀ ਚਾਰ-ਪੰਜ ਮਹੀਨਿਆਂ ਬਾਅਦ, ਬੱਸ ਪੈਸੇ ਲੈਣ...ਬਾਪ ਦੇ ਪੈਸੇ ਲੈ ਕੇ ਜਾਣ ਤੋਂ ਬਾਅਦ ਉਹ ਕਈ-ਕਈ ਦਿਨ ਉਦਾਸ ਰਹਿੰਦਾ ਪਰ ਫਿਰ ਹੌਲੀ-ਹੌਲੀ ਸਧਾਰਨ ਹਾਲਤ ਵਿੱਚ ਪੁੱਜ ਜਾਂਦਾ।

ਬੇਜੀ, ਸ਼ਰਮਾ ਆਂਟੀ ਨੂੰ ਦੱਸ ਰਹੇ ਸੀ ਕਿ ਉਹ ਦਿਨ ਕਿੰਨਾ ਟੈਨਸ਼ਨ ਵਾਲਾ ਸੀ ਜਦੋਂ ਮੁੰਨਾ ਸਵੇਰੇ ਜੰਗਲ-ਪਾਣੀ ਗਿਆ ਵਾਪਸ ਨਹੀਂ ਸੀ ਆਇਆ। ਪਰਲੇ ਖੇਤ ਜਾਣਾ ਮੁੰਨੇ ਨੂੰ ਬੜਾ ਚੰਗਾ ਲੱਗਦਾ ਉਥੇ ਦਰੱਖਤਾਂ ਉਪਰ ਰਹਿੰਦੇ ਪੰਛੀਆਂ ਨਾਲ ਉਸ ਨੇ ਇਕ ਸਾਂਝ ਕਾਇਮ ਕਰ ਲਈ ਸੀ ਪਰ ਉਸ ਦਿਨ ਉਹ ਵਾਪਸ ਨਾ ਮੁੜਿਆ ਘਰ ਵਿਚ ਤਨਾਓ ਭਰਿਆ ਮਾਹੌਲ ਬਣ ਗਿਆ ਸੀ। ਬੀਜੀ ਗੁੱਸੇ ਹੋ ਰਹੇ ਸਨ ਕਿ ਮੇਰੇ ਪਹਿਲੇ ਦਿਨ ਹੀ ਮਨ੍ਹਾਂ ਕਰਨ ਦੇ ਬਾਵਜੂਦ ਉਸ ਨੂੰ ਘਰ ਰੱਖਿਆ ਹੀ ਕਿਉਂ? ਭਾਬੀ ਜੀ ਨੂੰ ਚਿੰਤਾ ਸੀ ਕਿ ਮੁੰਨੇ ਦੇ ਬਾਪ ਨੂੰ ਕੀ ਕਹਾਂਗੇ? ਦਾਰ ਜੀ ਨੂੰ ਫ਼ਿਕਰ ਸੀ ਕਿ ਮੁੰਨਾ, ਮੋਟੀ ਮੱਤ ਦਾ ਹੈ ਕਿਤੇ ਕਿਸੇ ਗਲਤ ਲੋਕਾਂ ਦੇ ਚੁੰਗਲ ਵਿੱਚ ਹੀ ਨਾ ਫਸ ਜਾਵੇ। ਮੁੰਨੇ ਨੂੰ ਲੱਭਣ ਲਈ ਵੀਰ ਜੀ ਤੇ ਦਾਰ ਜੀ ਭੱਜ-ਦੌੜ ਕਰ ਰਹੇ ਸੀ, ਬੀਜੀ ਇਕ ਵਾਰ ਉਸ ਦੇ ਮਿਲ ਜਾਣ ਤੇ ਫਿਰ ਉਸ ਨੂੰ ਪਿੰਡ ਛੱਡਣ ਬਾਰੇ ਤਿਆਰ ਬੈਠੇ ਸੀ, ਭਾਬੀ ਜੀ ਲਗਾਤਾਰ ਪਾਠ ਕਰ ਰਹੇ ਸੀ ਦੋ ਦਿਨਾਂ ਦੀ ਭੱਜ-ਦੌੜ ਤੋਂ ਬਾਅਦ ਵੀ ਜਦ ਮੁੰਨੇ ਦੀ ਕੋਈ ਖ਼ਬਰ ਨਾ ਮਿਲੀ ਤਾਂ ਉਸ ਦੇ ਪਿੰਡ ਖ਼ਬਰ ਦੇ ਦਿੱਤੀ। ਉਸ ਦਾ ਬਾਪ ਅਗਲੇ ਹੀ ਦਿਨ ਘਰ ਆ ਗਿਆ। ਦਾਰ ਜੀ ਨੇ ਉਸ ਨੂੰ ਕੁਝ ਪੈਸੇ ਦਿੱਤੇ ਅਤੇ ਪੁਲਿਸ ਸਟੇਸ਼ਨ ਜਾ ਕੇ ਉਸ ਦੀ ਗੁੰਮਸ਼ੁਦਾ ਰਿਪੋਰਟ ਦਰਜ ਕਰਵਾਈ। ਜਗ੍ਹਾ-ਜਗ੍ਹਾ ਪੋਸਟਰ ਲਗਵਾਏ, ਟੀ. ਵੀ. ਉਪਰ ਵੀ ਉਸ ਦੀ ਖ਼ਬਰ ਲਗਵਾਈ ਪਰ 15 ਦਿਨ ਬੀਤ ਜਾਣ ਤੇ ਵੀ ਉਸ ਦਾ ਕੋਈ ਥਹੁ-ਪਤਾ ਨਾ ਲੱਗਾ। ਘਰ ਵਿੱਚ ਬੱਸ ਉਸੇ ਦੀ ਚਰਚਾ ਹੁੰਦੀ, ਬੁਰੇ-ਬੁਰੇ ਖਿਆਲ ਆਉਂਦੇ ਕਿਸੇ ਨੂੰ ਕੁਝ ਵੀ ਚੰਗਾ ਨਹੀਂ ਸੀ ਲੱਗਦਾ ਭਾਬੀ ਜੀ ਰੋਂਦੇ ਹੋਏ ਕਹਿੰਦੇ...ਪਤਾ ਨਈਂ ਕਿਸ ਜਨਮ ਵਿੱਚ ਮਿਲੇਗਾ ਵੀ ਕਿ ਨਹੀਂ, ਕਿਤੇ ਮੰਗਤਿਆਂ ਦੇ ਗਰੋਹ ਵਿਚ ਹੀ ਨਾ ਫਸ ਗਿਆ ਹੋਵੇ...ਸਭ ਹੈਰਾਨ ਸਨ ਕਿ ਉਹ ਅਚਾਨਕ ਬਿਨਾਂ ਦੱਸੇ ਕਿਉਂ ਚਲਾ ਗਿਆ ਜਦੋਂਕਿ ਘਰ ਵਿਚ ਉਸ ਨੂੰ ਇਕ ਮੈਂਬਰ ਹੀ ਸਮਝਿਆ ਜਾਂਦਾ ਸੀ ਉਸ ਦੀ ਹਰ ਜ਼ਰੂਰਤ ਦਾ ਖਿਆਲ ਰੱਖਿਆ ਜਾਂਦਾ ਸੀ...20 ਦਿਨ ਬੀਤ ਜਾਣ 'ਤੇ ਵੀ ਉਸ ਦੀ ਖਬਰ ਨਾ ਮਿਲੀ ਇਨ੍ਹਾਂ ਦਿਨਾਂ ਵਿੱਚ ਮੁੰਨੇ ਦੇ ਬਾਪ ਨੇ ਕਈ ਚੱਕਰ ਮਾਰੇ ਤੇ ਹਰ ਵਾਰ ਉਹ ਥੋੜੇ ਬਹੁਤੇ ਪੈਸੇ ਲੈ ਕੇ ਹੀ ਜਾਂਦਾ...।

...ਤੇ ਫਿਰ ਇਕ ਦਿਨ ਸ਼ਾਮ ਨੂੰ ਇਕ ਫ਼ੋਨ ਆਇਆ, ਮੁੰਨੇ ਨੂੰ ਕਿਸੇ ਨੇ ਦੇਖਿਆ ਸੀ, ਅਗਲੇ ਦਿਨ ਵੀਰ ਜੀ ਤੇ ਦਾਰ ਜੀ ਉਸ ਆਦਮੀ ਨੂੰ ਮਿਲੇ

ਇਨਾਮ ਦੀ ਰੱਖੀ ਰਾਸ਼ੀ ਉਸ ਆਦਮੀ ਨੂੰ ਦਿੱਤੀ ਤੇ ਫਿਰ ਅੱਗੇ ਤੋਂ ਅੱਗੇ ਤਲਾਸ਼ ਕਰਦੇ ਆਖਿਰ ਮੁੰਨੇ ਤੱਕ ਜਾ ਪੁੱਜੇ। ਮੁੰਨੇ ਦੇ ਗੁੰਮ ਹੋਣ ਦੇ ਦਿਨ ਤੋਂ, ਕਦੇ ਕਿਸੇ ਨੇ ਚੱਜ ਨਾਲ ਰੋਟੀ ਨਹੀਂ ਸੀ ਖਾਧੀ ਪਰ ਉਧਰ ਗਊਸ਼ਾਲਾ ਵਿਚ ਬੈਠਾ ਮੁੰਨਾ ਰੋਟੀ ਤੇ ਰੋਟੀ ਖਿੱਚੀ ਜਾ ਰਿਹਾ ਸੀ...ਖ਼ੈਰ, ਉਸ ਨੂੰ ਘਰ ਲੈ ਆਏ, ਸਾਰਾ ਮੁਹੱਲਾ ਉਸ ਦਾ ਪਤਾ ਲੈਣ ਆਇਆ ਸਭ ਨੂੰ ਉਤਸੁਕਤਾ ਸੀ ਕਿ ਆਖਰ ਮੁੰਨੇ ਨਾਲ ਕੀ ਵਾਪਰਿਆ, ਮੁੰਨਾ ਦੱਸ ਰਿਹਾ ਸੀ ਕਿ ਉਸ ਨੂੰ ਕਿਵੇਂ ਧੱਕੇ ਨਾਲ ਇਕ ਕਾਰ ਵਿੱਚ ਬਿਠਾ ਕੇ, ਪਰਲੇ ਖੇਤ ਵੱਲ ਰਹਿੰਦੇ...ਬਾਊ ਨੇ ਆਪਣੇ ਸਹੁਰੇ ਘਰ ਉਸ ਨੂੰ ਮੁਫ਼ਤ ਦਾ ਨੌਕਰ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਮੌਕਾ ਦੇਖ ਕੇ ਉਹ ਭੱਜ ਨਿਕਲਿਆ ਬੜਾ ਭਟਕਿਆ ਪਰ ਇਕ ਸਿੱਧਰਾ ਤੇ ਦੂਜਾ ਸ਼ੁੱਧ ਨਾਲ ਬੋਲਣ ਸਦਕਾ ਕੋਈ ਉਸ ਦੀ ਪਰੇਸ਼ਾਨੀ ਨਾ ਸਮਝ ਸਕਿਆ ਤੇ ਫਿਰ ਕਿਸੇ ਮਜ਼ਦੂਰ ਦੀ ਮੱਦਦ ਨਾਲ ਗਊਸ਼ਾਲਾ ਪੁੱਜ ਗਿਆ ਸੀ। ਭਾਬੀ ਜੀ ਨੇ ਝੱਟ ਹੀ ਪਿੰਡ ਫ਼ੋਨ ਕਰਕੇ ਮੁੰਨੇ ਦੀ ਖ਼ਬਰ ਉਸ ਦੇ ਘਰਦਿਆਂ ਨੂੰ ਦੇ ਦਿੱਤੀ ਸੀ। ਮੁੰਨਾ ਵੀ ਬੜੀ ਬੇਸਬਰੀ ਨਾਲ ਆਪਣੇ ਬਾਪ ਦੀ ਉਡੀਕ ਕਰਨ ਲੱਗਾ। ਬੀਜੀ ਕਹਿੰਦੇ 'ਜਦੋਂ ਮੁੰਨੇ ਦਾ ਪਿਓ ਆਇਆ ਤਾਂ ਇਹਨੂੰ ਵੀ ਨਾਲ ਹੀ ਭੇਜ ਦੇਣਾ...ਕੱਲ੍ਹ ਨੂੰ ਫੇਰ ਕਿਤੇ ਤੁਰ ਗਿਆ ਤਾਂ ਆਪਾਂ ਨੂੰ ਵਖ਼ਤ ਪਊ...।"

ਉਡੀਕਦੇ-ਉਡੀਕਦੇ ਤਿੰਨ ਮਹੀਨੇ ਬੀਤ ਗਏ ਪਰ ਮੁੰਨੇ ਦੇ ਘਰੋਂ ਕੋਈ ਉਸ ਨੂੰ ਮਿਲਣ ਨਾ ਆਇਆ। ਹੁਣ ਉਹ ਬੜਾ ਉਦਾਸ ਰਹਿਣ ਲੱਗਾ ਤੇ ਫਿਰ ਭਾਬੀ ਜੀ ਦੇ ਮਾਮਾ ਜੀ ਨੇ ਸਲਾਹ ਦਿੱਤੀ ਕਿ ਤੁਸੀਂ ਆਪ ਹੀ ਇਸ ਨੂੰ ਛੱਡ ਜਾਵੋ। ਵੀਰ ਜੀ ਹੋਰਾਂ ਨੇ ਇੰਜ ਹੀ ਕੀਤਾ ਕੁਝ ਨਵੇਂ ਕੱਪੜੇ ਸਿਵਾ ਕੇ ਤੇ ਬਣਦੀ ਰਕਮ ਦੇ ਕੇ ਮੁੰਨੇ ਨੂੰ ਉਸ ਦੇ ਬਾਪ ਦੇ ਹਵਾਲੇ ਕਰ ਦਿੱਤਾ। ਸਭ ਨੂੰ ਜਾਪਿਆ ਜਿਵੇਂ ਸਿਰ ਤੋਂ ਮਣਾ-ਮੂੰਹੀ ਭਾਰ ਲੱਥ ਗਿਆ ਹੋਵੇ, ਭਾਵੇਂ ਦਾਰ ਜੀ ਨੂੰ ਮੁੰਨੇ ਬਿਨਾਂ ਘਰ ਸੁੰਨਾ-ਸੁੰਨਾ ਜਾਪ ਰਿਹਾ ਸੀ।

ਸਾਲ ਬਾਅਦ ਅੱਜ ਬਖਸ਼ੀਸ਼ (ਭਾਬੀ ਜੀ ਦੀ ਮਮੇਰੀ ਭੈਣ) ਦੇ ਫ਼ੋਨ ਨੇ ਸਾਨੂੰ ਇਕ ਝੱਟਕਾ ਦਿੱਤਾ ਸੀ, ਬੀਜੀ, ਮੁੰਨੇ ਦੇ ਬਾਪ ਨੂੰ ਕੋਸ ਰਹੇ ਸਨ ਤੇ ਕਹਿ ਰਹੇ ਸੀ "...ਕੈਡਾ ਨਿਰਮੋਹਾ ਨਿਕਲਿਆ ਆਪ ਹੋਰ ਵਿਆਹ ਕਰਵਾ ਲਿਆ ਦੂਜੀ ਪਤਨੀ ਨਾਲ ਪਤਾ ਨਈਂ ਕਿੱਥੇ ਜਾ ਕੇ ਰਹਿਣ ਲੱਗ ਪਿਆ, ਪਿੱਛੇ ਮਾਂ-ਵਾਹਰੇ ਬੱਚਿਆਂ ਬਾਰੇ ਕੁਝ ਸੋਚਿਆ ਹੀ ਨਹੀਂ...।"

ਮੁੰਨੇ ਬਾਰੇ ਪਤਾ ਲੱਗਿਆ ਕਿ ਉਹ ਆਪਣੇ ਪਿੰਡ ਇਧਰ-ਉਧਰ ਫਜ਼ੂਲ ਹੀ ਘੁੰਮਦਾ ਰਹਿੰਦਾ ਹੈ ਕਦੇ ਕਿਸੇ ਦੀਆਂ ਮੱਝਾਂ ਨੂੰ ਪੱਠੇ ਪਾ ਦਿੰਦਾ ਹੈ, ਕਦੇ ਕਿਸੇ ਦੀਆਂ ਗਾਵਾਂ ਨੂੰ ਚਰਾ ਲਿਆਉਂਦਾ ਹੈ ਤੇ ਬਦਲੇ ਵਿੱਚ ਰੋਟੀ ਖਾਣ ਨੂੰ ਮਿਲ ਜਾਂਦੀ ਹੈ। ਮੁੰਨੇ ਬਾਰੇ ਜਾਣ ਕੇ ਦਾਰ ਜੀ ਖਾਮੋਸ਼ ਹੋ ਗਏ। ਸਭ ਨੂੰ ਉਸ ਬਾਰੇ ਜਾਣ ਕੇ ਦੁੱਖ ਸੀ ਪਰ ਸਭ ਚੁੱਪ ਸਨ...ਦਾਰ ਜੀ ਨੇ ਆਪਣੀ ਐਨਕ ਉਤਾਰੀ ਤੇ ਅੱਖਾਂ ਪੂੰਝੀਆਂ...ਸਾਡੀ ਜ਼ਿੰਦਗੀ ਵਿੱਚੋਂ ਚਲੇ ਜਾਣ ਉਪਰੰਤ ਵੀ ਮੁੰਨਾ ਸਾਡੇ ਲਈ ਇਕ ਸਵਾਲ ਬਣ ਕੇ ਖੜ੍ਹਾ ਹੈ। ਬੂਟੇ ਤੋਂ ਮੁੰਨੇ ਤੇ ਫਿਰ ਮੁੰਨੇ ਤੋਂ ਬੂਟੇ ਦਾ ਸਫ਼ਰ....ਉਫ਼!

# ਮਿੰਨੀ ਕਹਾਣੀਆਂ

## ਕਿੱਕਰਾਂ ਤੇ ਕਪਾਹ

ਇਕ ਜੱਟ ਸ਼ਾਹੂਕਾਰ ਦੀ ਦੁਕਾਨ'ਤੇ ਗਿਆ। ਜੱਟ ਨੇ ਸ਼ਾਹੂਕਾਰ ਤੋਂ ਕਾਫੀ ਵੱਡੀ ਰਕਮ ਕਰਜ਼ੇ 'ਤੇ ਲੈ ਲਈ। ਸਾਉਣੀ ਲੰਘ ਗਈ। ਹਾੜ੍ਹੀ ਵੀ ਲੰਘ ਗਈ, ਸ਼ਾਹੂਕਾਰ ਜੱਟ ਦੇ ਘਰ ਗਿਆ। ਜੱਟ ਕਹਿੰਦਾ, "ਦੇਵਾਂਗੇ...ਦੇਵਾਂਗੇ...।" ਇਸ ਤਰ੍ਹਾਂ ਕਈ ਸਾਲ ਬੀਤ ਗਏ। ਸ਼ਾਹੂਕਾਰ ਜਦੋਂ ਵੀ ਪੈਸੇ ਮੰਗਣ ਆਉਂਦਾ ਜੱਟ ਕਹਿ ਦਿੰਦਾ 'ਦੇਵਾਂਗੇ....ਦੇਵਾਂਗੇ....।" ਦੇਵੇ ਹੈ ਨਾ।

ਜੱਟ ਦਾ ਪੁੱਤ ਜਵਾਨ ਹੋ ਗਿਆ। ਉਸ ਦਾ ਵਿਆਹ ਵੀ ਹੋ ਗਿਆ। ਪਰ ਜੱਟ ਨੇ ਸ਼ਾਹੂਕਾਰ ਦੇ ਪੈਸੇ ਨਾ ਮੋੜੇ। ਜੱਟ ਦਾ ਪੁੱਤ ਆਪਣੇ ਬਾਪੂ ਨੂੰ ਕਹਿੰਦਾ ਕਿ ਬਾਪੂ ਜੀ ਥੋੜ੍ਹਾ ਕਰਜ਼ਾ ਲੈ ਲਈਏ, ਆਪਣਾ ਘਰ ਪੱਕਾ ਪਾ ਲਈਏ। ਸ਼ਾਹੂਕਾਰ ਤੋਂ ਮੈਂ ਕਰਜ਼ਾ ਲੈ ਕੇ ਆਉਂਦਾ ਆਂ।

ਜੱਟ ਦਾ ਮੁੰਡਾ ਸ਼ਾਹੂਕਾਰ ਕੋਲ ਕਰਜ਼ਾ ਲੈਣ ਗਿਆ। ਸ਼ਾਹੂਕਾਰ ਨੇ ਕਿਹਾ ਤੇਰੇ ਬਾਪੂ ਨੇ ਤੇਰੇ ਜਨਮ ਵੇਲੇ ਕਰਜ਼ਾ ਲਿਆ ਸੀ ਅਜੇ ਤੱਕ ਪੈਸੇ ਨਹੀਂ ਮੋੜੇ। ਜੱਟ ਦਾ ਪੁੱਤ ਕਹਿੰਦਾ, "ਮੈਂ ਤੁਹਾਡੇ ਨਾਲ ਕਰਾਰ ਕਰਦਾ ਹਾਂ ਕਿ ਅਸੀਂ ਲਾਹੌਰ ਜਾਵਾਂਗੇ, ਉਥੇ ਕਿੱਕਰਾਂ ਦੇ ਬੀਜ ਖਰੀਦ ਕੇ ਲਿਆਵਾਂਗੇ, ਉਨ੍ਹਾਂ ਨੂੰ ਆਪਣੇ ਖੇਤ ਵਾਲੀ ਪਹੀ ਦੇ ਨਾਲ-ਨਾਲ ਬੀਜਾਂਗੇ, ਕਿੱਕਰਾਂ ਹੋ ਜਾਣਗੀਆਂ, ਉਥੇ ਦੀ ਕਪਾਹ ਦੇ ਗੱਡੇ ਲੰਘਿਆ ਕਰਨਗੇ, ਉਨ੍ਹਾਂ ਵਿਚੋਂ ਕੁਝ ਕਪਾਹ ਸਾਡੀਆਂ ਕਿੱਕਰਾਂ ਤੇ ਨਾਲ ਅੜ ਜਾਇਆ ਕਰੇਗੀ, ਉਸ ਨੂੰ ਵੇਚ ਕੇ ਤੁਹਾਡਾ ਕਰਜ਼ਾ ਚੁਕਾ ਦਿਆਂਗੇ।"

ਸ਼ਾਹੂਕਾਰ ਨੇ ਕਿਹਾ, "ਸ਼ਾਬਾਸ਼! ਤੂੰ ਏਂ ਜੱਟ ਦਾ ਪੁੱਤ, ਜਿਸ ਨੇ ਕਰਾਰ ਤਾਂ ਕੀਤਾ।"

* * *

## ਜਵਾਨੀ ਭਾਲਦੈ

ਇਕ ਬਜ਼ੁਰਗ ਸੋਟੀ ਲਈ ਕੁਬਾ-ਕੁਬਾ ਤੁਰਿਆ ਆ ਰਿਹਾ ਸੀ। ਕੁਝ ਸ਼ਰਾਰਤੀ ਨੌਜੁਆਨਾਂ ਨੇ ਬਜ਼ੁਰਗ ਨੂੰ ਛੇੜਦੇ ਹੋਏ ਕਿਹਾ "ਬਾਬਾ ਜੀ, ਤੁਹਾਡਾ ਕੀ ਗੁਆਚ ਗਿਆ। ਤੁਸੀਂ ਕੀ ਲੱਭੀ ਜਾਂਦੇ ਓ।

ਬਜ਼ੁਰਗ ਨੇ ਮੁਸਕਰਾਉਂਦੇ ਹੋਏ ਉੱਤਰ ਦਿੱਤਾ, "ਕਾਕਾ, ਮੇਰੀ ਜਵਾਨੀ ਗੁਆਚ ਗਈ, ਉਹ ਭਾਲਦੈ।"

ਬਜ਼ੁਰਗ ਦਾ ਜਵਾਬ ਸੁਣ ਕੇ ਨੌਜਵਾਨ ਨੇ ਨੀਵੀਂ ਪਾ ਲਈ।

# ਭਵਨ ਵਿਖੇ ਮਨਾਏ ਗਏ 352ਵੇਂ 'ਗੁਰੂ ਲਾਧੋ ਰੇ' ਦਿਵਸ ਮੌਕੇ ਕੀਰਤਨ ਸਰਵਣ ਕਰਦੀਆਂ ਸੰਗਤਾਂ

















## ਭਵਨ ਵਿਖੇ ਮਨਾਏ ਗਏ 352ਵੇਂ 'ਗੁਰੂ ਲਾਧੋ ਰੇ' ਦਿਵਸ ਮੌਕੇ ਸਨਮਾਨਿਤ ਸ਼ਖ਼ਸ਼ੀਅਤਾਂ ਅਤੇ ਵਿਚਾਰ ਪੇਸ਼ ਕਰਦੇ ਬੁਲਾਰੇ



# ਭਵਨ ਵਿਖੇ ਮਨਾਏ ਗਏ 352ਵੇਂ 'ਗੁਰੂ ਲਾਧੋ ਰੇ' ਦਿਵਸ ਮੌਕੇ ਹਰਿਆਣੇ ਦੀਆਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ









# ਅੰਮ੍ਰਿਤਸਰ ਵਿਖੇ ਮਨਾਏ ਗਏ 352ਵੇਂ 'ਗੁਰੂ ਲਾਧੋ ਰੇ' ਦਿਵਸ ਦੀਆਂ ਝਲਕੀਆਂ

















# ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਫੋਰਮ (ਰਜਿ.) ਵੱਲੋਂ 352ਵਾਂ 'ਗੁਰੂ ਲਾਧੋ ਰੇ' ਦਿਵਸ 18-10-2015 ਐਤਵਾਰ ਨੂੰ ਅੰਮ੍ਰਿਤਸਰ ਵਿਖੇ ਮਨਾਇਆ ਗਿਆ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਪ੍ਰਗਟ ਦਿਵਸ ਜੋ ਕਿ ਗੁਰੂ ਲਾਧੋ ਰੇ ਦਿਵਸ ਦੇ ਰੂਪ ਵਿਚ ਸਾਰੀ ਦੁਨੀਆਂ ਵਿਚ ਸਭ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਮਨਾਉਦੀਆਂ ਹਨ। ਇਸ ਵਾਰ ਪਹਿਲੀ ਵਾਰ ਅੰਮ੍ਰਿਤਸਰ ਸਾਹਿਬ ਜੀ ਵਿਖੇ **ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਫੋਰਮ** (ਰਜਿ:), **ਅੰਮ੍ਰਿਤਸਰ** ਵੱਲੋ ਗੁਰੂਦੁਆਰਾ ਛੇਵੀ ਪਾਤਸ਼ਾਹੀ, ਏ-ਬੀ ਬਲਾਕ ਰਣਜੀਤ ਐਵੀਨਿਊ ਅੰਮ੍ਰਿਤਸਰ ਵਿਖੇ ਮਨਾਇਆ ਗਿਆ, ਸ੍ਰੀ ਸੁੱਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸ਼ਬਦ ਕੀਰਤਨ ਹਜ਼ੂਰੀ ਰਾਗੀ ਭਾਈ ਧਰਮਬੀਰ ਸਿੰਘ ਜੀ ਅਤੇ ਭਾਈ ਮਨਪ੍ਰੀਤ ਸਿੰਘ ਜੀ, ਗੁਰੂ ਇਤਹਾਸ ਬਾਰੇ ਜਾਣਕਾਰੀ, ਸ੍ਰ: ਮਨਜੀਤ ਸਿੰਘ ਜੀ ਟਾਂਡਾ, ਹਿਸਟੋਰੀਅਨ ਅਤੇ ਗੁਰਮਤਿ ਵਿਚਾਰ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ , ਗ੍ਰੰਥੀ ਸੱਚਖੰਡ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੇ ................. ਚੰਡੀਗੜ੍ਹ, ਮੋਹਾਲੀ, ਗੁਰਦਾਸਪੁਰ, ਮਿਆਣੀ ਅਫਗਾਨਾ, ਟਾਂਡਾ ਦਸੂਆ, ਪੰਡੋਰੀ ਲੁਬਾਣਾ, ਛੇਹਰਟਾ ਅਤੇ ਸ਼ਹਿਰ ਦੇ ਵੱਖ ਵੱਖ ਇਲਾਕਿਆ ਤੋ ਆਈ ਗੁਰੂ ਰੂਪ ਸਾਧ-ਸੰਗਤ ਜੀ ਨਾਲ ਗੁਰਮਤਿ ਵਿਚਾਰ ਸਾਝੇ ਕਰਕੇ ਗੁਰੂਬਾਣੀ ਨਾਲ ਜੋੜ ਕੇ ਰੂਹ ਦੀ ਖੁਰਾਕ ਬਖਸ਼ੀ। ਗੁਰ ਇਤਹਾਸ ਅਤੇ ਲੁਬਾਣਾ ਕੋਮ ਦੇ ਵੱਡਮੁਲਾ ਇਤਹਾਸ ਬਾਰੇ ਜਾਣਕਾਰੀ ਦਿਤੀ।

ਸਮਾਗਮ ਵਿਚ ........... ਸ੍ਰ: ਬਲਦੇਵ ਸਿੰਘ ਮੁੰਦਰ (ਪ੍ਰਧਾਨ), ਹਰਜੀਤ ਸਿੰਘ(ਜਨਰਲ ਸਕੱਤਰ), ਜਰਨੈਲ ਸਿੰਘ, ਬਲਦੇਵ ਸਿੰਘ, ਅਮਰੀਕ ਸਿੰਘ ਮੁੰਦਰ, ਮਨਜੀਤ ਸਿੰਘ ਜੇ ਈ, ਸਿਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਕਿਰਪਾਲ ਸਿੰਘ, ਪ੍ਰਤਾਪ ਸਿੰਘ, ਪੂਹਲਾ ਸਿੰਘ ਸਰਪੰਚ, ਧਿਆਨ ਸਿੰਘ, ਦਿਲਦਾਰ ਸਿੰਘ, ਲਖਵਿੰਦਰ ਸਿੰਘ ਮੁੰਦਰ, ਅਮਰਜੀਤ ਸਿੰਘ ਮੁੰਦਰ, ਜਸਵੰਤ ਸਿੰਘ, ਨਰਿੰਦਰ ਸਿੰਘ (ਸਾਬਕਾ ਐਮ .ਡੀ ਵੇਰਕਾ) ਸੁਰਿੰਦਰ ਸਿੰਘ ਜੀ ਰੁਮਾਲੇ ਵਾਲੇ, ਇੰਜ ਸੁਖਵਿੰਦਰ ਸਿੰਘ ਧੰਜਲ, ਪ੍ਰੋ: ਫੁੱਲਬਾਗ ਸਿੰਘ ਅਤੇ ਡਾਂ: ਅਮਰੀਕ ਸਿੰਘ ਮੁਲਤਾਨੀ ਜੀ ਆਦਿ ਨੇ ਹਾਜਰੀਆਂ ਭਰ ਕੇ ਅਤੇ ਗੁਰਬਾਣੀ ਸ਼ਬਦ ਕੀਰਤਨ ਕਥਾ ਵਿਚਾਰ ਸੁਣ ਕੇ ਜੀਵਨ ਸਫਲ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

( ਬਲਦੇਵ ਸਿੰਘ ਮੁੰਦਰ, )
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਫੋਰਮ (ਰਜਿ:)
ਅੰਮ੍ਰਿਤਸਰ।

# ਖ਼ੁਦਕਸ਼ੀਆਂ ਦੇ ਰਾਹ ਪਈ ਮਨੁੱਖਤਾ



ਸਵੇਰੇ-ਸਵੇਰੇ ਕਿਸੇ ਵੀ ਅਖ਼ਬਾਰ ਦਾ ਮੁੱਖ ਪੰਨਾ ਪੜ੍ਹੋ ਤਾਂ ਸਭ ਤੋਂ ਪਹਿਲੀ ਇਹੀ ਖ਼ਬਰ ਹੋਏਗੀ, ਗਰੀਬੀ ਤੋਂ ਤੰਗ ਆ ਕੇ ਖੁਦਕਸ਼ੀ, ਫੇਲ੍ਹ ਹੋਣ ਤੇ ਵਿਦਿਆਰਥੀ ਵੱਲੋਂ ਫਾਹਾ ਲੈ ਕੇ ਆਤਮ-ਹੱਤਿਆ ਜਾਂ ਫਿਰ ਪਰਿਵਾਰ ਨੂੰ ਖਤਮ ਕਰਕੇ ਗਲ-ਫਾਹਾ ਲਿਆ, ਵਗੈਰਾ-ਵਗੈਰਾ। ਇਹ ਕੀ ਹੋ ਗਿਆ ਏ ਸਾਡੇ ਸਮਾਜ ਦੀ ਸੋਚ ਨੂੰ, ਜਿਹੜੀ ਦਿਨ-ਬ-ਦਿਨ ਨਿਘਰਦੀ ਈ ਜਾ ਰਹੀ ਹੈ, ਇਨਸਾਨਾਂ ਦੀ 'ਸਬਰ' ਦੀ ਤੰਦ ਏਨੀ ਕੱਚੀ ਕਿਉਂ ਹੁੰਦੀ ਜਾ ਰਹੀ ਹੈ ਕਿ ਉਹ ਮੁਸੀਬਤਾਂ ਨੂੰ ਝੱਲਣਾ ਤਾਂ ਬਹੁਤ ਦੂਰ ਉਨ੍ਹਾਂ ਨੂੰ ਆਉਂਦਿਆਂ ਨੂੰ ਵੇਖ ਕੇ ਕੰਬਣ ਲੱਗ ਜਾਂਦੇ ਹਨ। 'ਸਹਿਜਤਾ' ਇਨਸਾਨ ਦੇ ਮਨ 'ਚੋਂ ਕਿਤੇ ਦੂਰ ਖੰਭ ਲਾ ਕੇ ਉੱਡ ਗਈ ਹੈ, ਹਰ ਵਕਤ ਕਾਹਲੀ, ਵਿਹਲਪੁਣੇ 'ਚੋਂ ਵੀ ਵਿਹਲ ਨਹੀਂ, ਕਿਸੇ ਕੋਲ ਖੜਨ ਦੀ ਕਿਸੇ ਨੂੰ ਦੁੱਖ ਸੁਨਾਉਣ ਦੀ ਜਾਂ ਕਿਸੇ ਦਾ ਦੁੱਖ ਸੁਨਣ ਦੀ ਜਾਂ ਖੁਸ਼ੀ ਵੰਡਣ ਦੀ ਜਾਂ ਵੰਡਾਉਣ ਦੀ, ਹਰ ਪਾਸੇ ਪੈਸਾ-ਪੈਸਾ-ਪੈਸਾ।' ਹਰ ਚੀਜ਼ ਦੀ ਮਾਰਕੀਟਿੰਗ ਹੋ ਰਹੀ ਹੈ, ਹਰ ਪਾਸੇ ਮੁਨਾਫ਼ਾ ਵੇਖਿਆ ਜਾ ਰਿਹੈ, ਹਰ ਚੀਜ਼ ਦਾ ਮੁੱਲ ਲੱਗ ਰਿਹੈ, ਇਥੋਂ ਤੱਕ ਕਿ ਹਰ ਰਿਸ਼ਤਾ 'ਪ੍ਰੋਫੈਸ਼ਨਲ' ਹੋ ਗਿਆ, ਅਖੇ ਜੇ ਮੈਂ ਆਇਆ ਤਾਂ ਕੀ ਦੇਵੇਗਾ, ਜੇ ਤੂੰ ਆਇਆ ਤਾਂ ਕੀ ਲੈ ਕੇ ਆਵੇਗਾ' ਰਿਸ਼ਤਿਆਂ ਦਾ ਦਰਦ ਸਿਰਫ਼ ਮਰਨ ਤੋਂ ਬਾਅਦ ਥੋੜ੍ਹਾ ਬਹੁਤ ਝਲਕਦਾ, ਪਹਿਲਾਂ ਤੂੰ ਕੌਣ ਤੇ ਮੈਂ ਕੌਣ? ਮੁਸੀਬਤ ਵਿਚ ਕੋਈ ਕਿਸੇ ਦੀ ਬਾਂਹ ਨਹੀਂ ਫੜਦਾ, ਜਦ ਮੁਸੀਬਤ 'ਚ ਘਿਰਿਆ ਬੰਦਾ 'ਖੁਦਕਸ਼ੀ' ਦੇ ਰਾਹ ਪੈਂਦਾ ਫਿਰ, ਬੁਜ਼ਦਿਲ ਸੀ, ਯਾਰ ਮੁਸੀਬਤ ਦੱਸਦਾ ਤਾਂ ਸਹੀ? ਇਹ ਗੱਲਾਂ ਆਮ ਸੁਨਣ ਨੂੰ ਮਿਲਦੀਆਂ। ਕਿਸਾਨਾਂ ਦੀ ਖੁਦਕਸ਼ੀਆਂ ਤਾਂ ਸੁਣਦੇ ਸੀ, ਉਹਨਾਂ ਦੀ ਵੀ ਸਮੇਂ ਦੀਆਂ ਸਰਕਾਰਾਂ ਨੇ ਕੀਮਤ ਪਾ ਦਿੱਤੀ, ਅਖੇ ਮਰੋ ਤਾਂ ਸਹੀ ਦੋ ਲੱਖ ਸਰਕਾਰੀ ਫੰਡ 'ਚੋਂ ਦੇਵਾਂਗਾ। ਕਿਸਾਨਾਂ ਨੂੰ ਤਾਂ ਸਾਡੀਆਂ ਸਰਕਾਰਾਂ ਵੈਸੇ ਈ ਲਿਤਾੜ ਕੇ ਰਾਜ਼ੀ ਨੇ ਪਰ ਜਦ 'ਸਕੂਲ' ਪੜਦਾ ਬੱਚਾ ਜਾਂ ਬੱਚੀ ਸਿਰਫ਼ ਇਮਤਿਹਾਨ 'ਚੋਂ ਫੇਲ੍ਹ ਹੋਣ ਤੇ 'ਖੁਦਕਸ਼ੀ' ਕਰ ਲੈਂਦਾ ਤਾਂ ਸ਼ਰਮ ਆਉਂਦੀ ਹੈ ਸਾਨੂੰ ਸਾਡੇ ਸਿੱਖਿਆ ਢਾਂਚੇ ਤੇ, ਕੀ ਸਕੂਲਾਂ ਵਿਚ ਸਾਡੇ ਟੀਚਰ ਦਾ ਫਰਜ਼ ਸਿਰਫ਼ ਬੱਚੇ ਨੂੰ ਕਿਤਾਬੀ ਗਿਆਨ ਦੇਣਾ, ਹੋਰ ਕੁਝ ਨਹੀਂ, ਸ਼ੁਰੂ ਤੋਂ ਬੱਚਿਆਂ ਨੂੰ ਜ਼ਿੰਦਗੀ ਜਿਉਣ ਦੇ ਲਾਇਕ ਕਿਉਂ ਨਹੀਂ ਬਣਾਇਆ ਜਾਂਦਾ, ਉਹਦੇ ਮਨ ਨੂੰ, ਦਿਲ ਨੂੰ, ਵਿਚਾਰਾਂ ਨੂੰ, ਸੋਚ ਨੂੰ ਸਿਰਫ਼ ਜਿੱਤ ਦੀ ਖੁਸ਼ੀ ਮਨਾਉਣ ਬਾਰੇ ਈ ਕਿਉਂ ਦੱਸਿਆ ਜਾਂਦਾ ਜਾਂ ਹਾਰ ਦੀ ਨਮੋਸ਼ੀ ਬਾਰੇ? ਬੱਚਿਆਂ ਨੂੰ ਹਾਰਾਂ 'ਚੋਂ ਨਿਕਲਦੀ ਨਿੱਗਰ ਤੇ ਠੋਸ ਜਿੱਤ ਬਾਰੇ ਕਿਉਂ ਨਹੀਂ ਦੱਸਿਆ ਜਾਂਦਾ? ਉਹਨਾਂ ਵਿਚ ਜ਼ਿੰਦਗੀ ਜਿਉਣ ਦਾ ਜਜ਼ਬਾ ਕਿਤੇ ਨਹੀਂ ਭਰਿਆ ਜਾਂਦਾ?

ਜਦ ਇਕ ਬਾਪ ਦੋ ਬੱਚਿਆਂ ਤੋਂ ਘਰਵਾਲੀ ਨੂੰ ਮਾਰ ਕੇ ਖੁਦ ਗੋਲੀ ਮਾਰ ਲੈਂਦਾ ਸਿਰਫ਼ ਏਸ ਕਰਕੇ ਕਿ ਪ੍ਰੇਸ਼ਾਨ ਸੀ, ਗਰੀਬੀ ਕਰਕੇ, ਬਿਮਾਰੀ ਕਰਕੇ ਜਾਂ ਆਪਣਿਆਂ ਤੋਂ ਤੰਗ ਹੋਣ ਕਰਕੇ। ਕਿਉਂ, ਕੀ ਮਰਨਾ ਸਭ ਕਾਸੇ ਦਾ ਹੱਲ ਹੈ, ਜੇ ਨਹੀਂ ਤਾਂ ਕਿਉਂ ਮਰ ਰਹੇ ਹਨ, ਇਕ ਇਨਸਾਨ ਹੀ ਤਾਂ ਹੈ ਜਿਹਨੂੰ ਕੁਦਰਤ ਨੇ, ਪਰਮਾਤਮਾ ਨੇ ਚੰਗਾ ਮਾੜਾ ਸੋਚਣ ਤੇ ਉਹਦਾ ਹੱਲ ਕਰਨ ਦੀ ਬੁੱਧੀ ਦਿੱਤੀ ਹੈ ਫਿਰ ਅਜਿਹਾ ਗ਼ੈਰ ਜ਼ਿੰਮੇਰਾਨਾ ਕਦਮ ਕਿਉਂ?

ਸਾਡੇ ਧਾਰਮਿਕ ਅਕਾਵਾਂ ਨੂੰ ਸਿਰਫ਼ 'ਗੋਲਕਾ' 'ਚ ਤੁੰਨ-ਤੁੰਨ ਕੇ ਭਰੀ ਮਾਇਆ ਤੱਕ ਮਤਲਬ ਹੈ, ਅਜਿਹੇ ਵਿਸ਼ਿਆਂ ਤੇ ਮਨੁੱਖ ਨੂੰ ਮਾਨਸਿਕ ਤੌਰ ਤੇ ਮਜ਼ਬੂਤ ਕਰਨਾ ਤਾਂ ਬੜੀ ਦੂਰ ਦੀ ਗੱਲ ਅਖੇ ਸਭ ਕੁਝ ਲਿਖਿਆ ਹੁੰਦਾ ਕਰਮਾਂ 'ਚ, ਹਰ ਬੰਦਾ ਭੱਜ ਰਿਹੈ ਆਪਣੀ ਜ਼ਿੰਮੇਵਾਰੀ ਤੋਂ ਭਾਵੇਂ ਉਹ ਧਾਰਮਿਕ ਨੇਤਾ, ਸਕੂਲ ਦਾ ਮਾਸਟਰ ਜਾਂ ਕਾਲਜ ਦਾ ਪ੍ਰੋਫੈਸਰ ਏ, ਰਾਜਨੀਤਕ ਹਸਤੀ ਜਾਂ ਫਿਰ ਸਮਾਜਕ ਕਾਰਕੁੰਨ। ਜੇ ਅਸੀਂ ਸਮਾਜ ਦੀ ਖੁਦਕਸ਼ੀਆਂ ਦੇ ਰਾਹ ਪੈਣ ਦੀ ਇਹ ਮਹਾਂਕੁਰੀਤੀ ਨੂੰ ਰੋਕਣਾ ਤਾਂ ਹਰ ਬੰਦੇ ਨੂੰ ਆਪਣਾ ਫਰਜ਼ ਨਿਭਾਉਣਾ ਪਏਗਾ, ਜੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਇਨਸਾਨ, ਇਨਸਾਨ ਨਹੀਂ ਰਹੇਗਾ, ਅੱਜ ਲੋੜ ਹੈ ਸਿਰਫ਼ ਇਕੋ ਨਾਅਰੇ ਦੀ, 'ਇਨਸਾਨ ਬਣੋ' ਨਾ ਧਾਰਮਿਕ ਜਾਂ ਰਾਜਨੀਤਕ ਨਾ ਸਮਾਜ ਸੇਵਕ ਬਸ ਇਨਸਾਨ ਬਣੋ' ਸਿਰਫ਼ 'ਇਨਸਾਨ'। ਜਦੋਂ ਸਮਾਜ ਦਾ 50 ਪ੍ਰਤੀਸ਼ਤ ਹਿੱਸਾ ਵੀ 'ਇਨਸਾਨਾਂ' ਵਾਲੀ ਪ੍ਰਵਿਰਤੀ ਅਪਣਾ ਲਏਗਾ ਤਾਂ ਸਭ ਵੈਰ-ਵਿਰੋਧ, ਜਾਤ-ਪਾਤ, ਅਮੀਰੀ-ਗਰੀਬੀ, ਉੱਚਾ-ਨੀਵਾਂ ਸਭ ਕੁਰੀਤੀਆਂ ਖੁਦ-ਬ-ਖੁਦ ਖਤਮ ਹੋ ਜਾਣਗੀਆਂ।

# ਜਵਾਨੀ ਹੋਈ ਮਸਤਾਨੀ ਭੁੱਲੀ ਫਰਜ਼ਾਂ ਨੂੰ

**ਤੇਜਵੰਤ ਸਿੰਘ ਭੰਡਾਲ**

**"ਅੱਜ ਪੰਜਾਬ ਦੀ ਜਵਾਨੀ ਦੇ ਮੱਥੇ ਦਾ ਕਲੰਕ ਬਣ ਚੁੱਕਿਆ ਹੈ ਛੇਵਾਂ ਦਰਿਆ। ਸਰਕਾਰਾਂ ਨੇ ਆਪਣੇ ਸੁਖ ਆਰਾਮ ਲਈ ਆਮਦਨ 'ਚ ਵਾਧਾ ਕਰਨ ਲਈ ਥਾਂ-ਥਾਂ ਸ਼ਰਾਬ ਦੇ ਠੇਕੇ ਖੋਲ੍ਹ ਰੱਖੇ ਹਨ ਨਾਲ ਹੀ ਏ.ਸੀ. ਅਹਾਤੇ ਵੀ ਮਨਜ਼ੂਰਸ਼ੁਦਾ ਬਣਾ ਦਿੱਤੇ ਹਨ ਫਿਰ ਬਿਨਾਂ ਰੋਕ ਟੋਕ ਸੜਕਾਂ ਤੇ ਖੁੱਲ੍ਹੇ ਠੇਕਿਆਂ ਦੇ ਅੱਗੇ ਲੱਗੇ ਮੇਜ਼ਾਂ ਤੇ ਰੱਖ ਕੇ ਸ਼ਰਾਬ ਪੀਣ 'ਚ ਅੱਜ ਦੀ ਜਵਾਨੀ ਆਪਣੀ ਸ਼ਾਨ ਹੀ ਸਮਝਦੀ ਹੈ। ਵਿਆਹ ਸ਼ਾਦੀਆਂ ਦੇ ਸੰਬੰਧ ਵਿਚ ਆਏ ਮੈਰਿਜ ਪੈਲਸ ਕਲਚਰ ਨੇ ਜਵਾਨੀ ਦੀ ਸ਼ਰਮ ਹਯਾ ਨੂੰ ਬੇਸ਼ਰਮ ਕਰਨ 'ਚ ਪੂਰਾ ਯੋਗਦਾਨ ਪਾਇਆ ਹੈ। ਮਜ਼ਦੂਰੀ ਵਸ ਆਰਕੈਸਟਰਾ ਨਾਲ ਨੱਚਦੀਆਂ ਧੀਆਂ ਭੈਣਾਂ ਪੰਜਾਬੀ ਵਿਰਸੇ ਦੀ ਅਮੀਰਤ ਨੂੰ ਪੈਰਾਂ 'ਚ ਰੋਲ ਜਾਂਦੀਆਂ ਹਨ। ਜਿਹੜੀ ਜਵਾਨੀ ਪਿਤਾ ਸਾਹਮਣੇ ਸ਼ਰਾਬ ਦਾ ਨਾਮ ਲੈਣ 'ਚ ਵੀ ਸ਼ਰਮ ਮਹਿਸੂਸ ਕਰਦੀ ਸੀ ਅੱਜ ਮੈਰਿਜ ਪੈਲਸ ਕਲਚਰ ਨੇ ਅਜਿਹੀ ਸ਼ਰਮ ਚੁੱਕੀ ਹੈ ਕਿ ਵਿਆਹ ਸਮੇਂ ਲੱਗੇ ਸ਼ਰਾਬ ਪੀਣ ਲਈ ਮੇਜ਼ ਜੋ ਨਾਲੋਂ ਨਾਲ ਹੀ ਹੁੰਦੇ ਹਨ ਉਥੇ ਇਕ ਮੇਜ਼ ਤੇ ਪਿਤਾ ਜੀ ਆਪਣੇ ਮਿੱਤਰਾਂ ਨਾਲ ਪੀ ਰਹੇ ਹੁੰਦੇ ਹਨ ਅਤੇ ਦੂਸਰੇ ਪਾਸੇ ਨਾਲ ਵਾਲੇ ਮੇਜ਼ ਤੇ ਕਾਕਾ ਜੀ ਆਪਣੇ ਮਿੱਤਰਾਂ ਨਾਲ ਪੈਗ ਤੇ ਪੈਗ ਟਕਰਾ ਰਹੇ ਹੁੰਦੇ ਹਨ। ਕੁਰਾਹੇ ਪੈ ਚੁੱਕੀ ਜਵਾਨੀ ਵੱਲ ਸਰਕਾਰਾਂ ਦਾ ਰਤਾ ਭਰ ਵੀ ਧਿਆਨ ਨਹੀਂ ਹੈ। ਸਿੱਖ ਪਰਿਵਾਰਾਂ 'ਚ ਪੈਦਾ ਹੋ ਕੇ ਸਿੱਖ ਜਵਾਨ ਆਏ ਦਿਨ ਘੋਨ ਮੋਨ ਹੋ ਕੇ ਦਸਵੇਂ ਪਾਤਸ਼ਾਹ ਜੀ ਦੇ 7 ਸਾਲ ਤੇ 9 ਸਾਲ ਦੇ ਲਾਲਾਂ ਦੀ ਸਿੱਖੀ ਖਾਤਰ ਦਿੱਤੀ ਕੁਰਬਾਨੀ ਤੋਂ ਮੁਨਕਰ ਹੋ ਰਹੇ ਹਨ।"**

ਪੰਜਾਬ ਦੇਸ਼ ਦਾ ਉਹ ਸੂਬਾ ਰਿਹਾ ਹੈ ਜਿਸ ਤੇ ਹਰ ਦੇਸ਼ਵਾਸੀ ਨੇ ਮਾਣ ਕਰਿਆ ਹੈ। ਪੰਜਾਬ ਦਾ ਕਿਸਾਨ ਦੇਸ਼ ਭਰ 'ਚੋਂ ਅੱਵਲ ਰਿਹਾ ਹੈ ਅਨਾਜ ਪੈਦਾ ਕਰਨ ਵਿਚ। ਵੈਰੀ ਦੇ ਦੰਦ ਖੱਟੇ ਕਰਨ 'ਚ ਪੰਜਾਬ ਦਾ ਜਵਾਨ ਹਿੱਕ ਤਾਣ ਕੇ ਬਾਰਡਰ ਤੇ ਖੜ੍ਹਦਾ ਰਿਹਾ ਹੈ; ਪਹਿਲ ਦਿੱਤੀ ਗੋਲੀ ਹਿੱਕ 'ਚ ਖਾਣ ਨੂੰ ਨਾ ਕਿ ਪਿੱਠ ਵਿਖਾਉਣ ਨੂੰ। ਇਸੇ ਕਰਕੇ ਕਹਾਵਤ ਬਣ ਗਈ ਕਿ –

**ਫੁੱਲਾਂ 'ਚੋਂ ਫੁੱਲ ਗੁਲਾਬ ਦੇਸ਼ਾਂ 'ਚੋਂ ਦੇਸ਼ ਪੰਜਾਬ**

ਪੰਜਾਬ ਦੇ ਮਾਣਮੱਤੇ ਗੱਭਰੂ ਤੇ ਮਾਣਮੱਤੀਆਂ ਮੁਟਿਆਰਾਂ ਤੇ ਮਾਪਿਆਂ ਨੇ ਸਦਾ ਮਾਣ ਵੀ ਕਰਿਆ ਅਤੇ ਦੁੱਧ ਮੱਖਣਾਂ ਨਾਲ ਪਾਲਿਆ। ਫਰਜ਼ਾਂ ਨੂੰ ਹੱਸ ਹੱਸ ਕੇ ਨਿਭਾਉਣ ਵਾਲੇ ਸੰਸਕਾਰ ਦਿੱਤੇ ਇਸੇ ਲਈ ਕਿਹਾ ਕਿ –

**ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ**
**ਜਿੱਥੇ ਗਿੱਧੇ ਭੰਗੜੇ ਪੈਂਦੇ ਨੇ**
**ਨੱਚਦੀਆਂ ਟੱਪਦੀਆਂ ਮੁਟਿਆਰਾਂ ਨੇ**
**ਹੱਸ ਹੱਸ ਕੇ ਗੱਭਰੂ ਫਰਜ਼ ਨਿਭਾਉਂਦੇ ਨੇ**
**ਰੰਗਲੀ ਦੁਨੀਆਂ ਦੇ ਇਹ ਵਾਰਸ ਨੇ**
**ਬੁਢਾਪੇ 'ਚ ਮਾਪਿਆਂ ਦੀ ਢਾਰਸ ਨੇ**

ਹਰ ਦੇਸ਼ ਦੀ ਜਵਾਨੀ ਤੇ ਦੇਸ਼ਵਾਸੀਆਂ ਨੂੰ ਮਾਣ ਹੁੰਦਾ ਹੈ। ਮਾਂ–ਬਾਪ ਦਿਨ ਰਾਤ ਅਣਥੱਕ ਮਿਹਨਤ ਨਾਲ ਕਰ ਕਮਾਈ ਸਭ ਕੁਝ ਭੁੱਲ ਜਾਂਦੇ ਨੇ ਜਦ ਅੱਗੇ ਬੱਚੇ ਮਾਣ ਤੇ ਸਤਿਕਾਰ ਅਤੇ ਰੱਜਵਾਂ ਪਿਆਰ ਦਿੰਦੇ ਹਨ। ਹਰ ਦੇਸ਼ ਦੀ ਤਰੱਕੀ 'ਚ ਵੱਡਾ ਯੋਗਦਾਨ ਉਥੋਂ ਦੀ ਜਵਾਨੀ ਦਾ ਹੀ ਹੁੰਦਾ ਹੈ। ਜਿਉਂ–ਜਿਉਂ ਸੂਬੇ ਦਾ ਜਵਾਨ ਤਰੱਕੀ ਭਰੀਆਂ ਪੁਲਾਘਾਂ ਪੁੱਟਦਾ ਹੈ, ਤਿਉਂ–ਤਿਉਂ ਬਜ਼ੁਰਗਾਂ ਦਾ ਬੁਢਾਪਾ ਸੁਖਾਲਾ ਅਤੇ ਖੁਸ਼ੀਆਂ ਭਰਪੂਰ ਬੀਤਦਾ ਹੈ। ਜਵਾਨੀ ਦੀਆਂ ਮਾਰੀਆਂ ਮੱਲਾਂ ਉਮਰ ਭਰ ਸਕੂਨ ਬਖਸ਼ਦੀਆਂ ਹਨ। ਛਿੰਝਾਂ ਮੇਲੇ ਖੇਡ ਮੈਦਾਨ ਜਵਾਨੀ ਲਈ ਖੁਸ਼ੀਆਂ ਭਰਿਆ ਮਾਹੌਲ ਸਿਰਜਦੇ ਹਨ।



ਹਰ ਇਨਸਾਨ ਭੱਜਿਆ ਨੱਠਿਆ ਫਿਰਦਾ ਹੈ ਕਿ ਮੇਰੇ ਜਵਾਨ ਹੋਏ ਬੱਚੇ ਕਿਸੇ ਗੱਲੋਂ ਤੰਗੀ ਨਾ ਮਹਿਸੂਸ ਕਰਨ। ਮਾਪਿਆਂ ਦੀਆਂ ਸਾਰੀਆਂ ਤਕਲੀਫ਼ਾਂ ਦੂਰ ਹੋ ਜਾਂਦੀਆਂ ਹਨ, ਜਦ ਜਵਾਨ ਬੱਚੇ ਆਗਿਆਕਾਰ ਬਣ ਕੇ ਘਰ ਦਾ ਮਾਹੌਲ ਖੁਸ਼ੀਆਂ ਭਰਪੂਰ ਸਿਰਜਣ 'ਚ ਸਹਾਈ ਹੋਣ। ਜਵਾਨੀ ਦੀਆਂ ਗਲਤੀਆਂ ਮਿਹਨਤਸ ਦਕਾਦ_ਰਕ ਤੇਤੀਆਂਜ ਾਂਦੀਆਂ ਹਨ ਪਰ ਇਹ ਗਲਤੀਆਂ ਹੋਣ ਵੀ ਕਿਸੇ ਸੀਮਤ ਹੱਦ ਤੱਕ। ਮਾਪਿਆਂ ਨੂੰ ਔਲਾਦ ਤੇ ਢੇਰ ਸਾਰੀਆਂ ਆਸਾਂ ਹੁੰਦੀਆਂ ਹਨ ਪਰ ਜਦ ਘਰ ਵਿਚ ਜਵਾਨ ਹੋਏ ਧੀ ਪੁੱਤ ਹੀ ਅਜਿਹੇ ਮਸਤ

ਬਣ ਜਾਣ ਕਿ ਮਾਪਿਆਂ ਦੀ ਪ੍ਰਵਾਹ ਹੀ ਨਾ ਕਰਨ ਤਾਂ ਸੂਈ ਜਿੰਨਾ ਦੁੱਖ ਵੀ ਪਹਾੜ ਬਣਦਾ ਲੱਗਦਾ ਹੈ। ਆਸਾਂ ਦੇ ਮਹਿਲ ਢੇਰੀ ਹੁੰਦੇ ਨਜ਼ਰ ਆਉਂਦੇ ਹਨ। ਇਸੇ ਕਰਕੇ ਗੁਰਦਾਸ ਮਾਨ ਜਵਾਨੀ ਨੂੰ ਨਸੀਹਤ ਦਿੰਦਾ ਹੈ ਕਿ–

**ਰੱਖ ਸਾਂਭ ਕੇ ਜਵਾਨੀ ਤੇਰੇ ਕੰਮ ਆਊਗੀ**

ਜਵਾਨੀ ਦੀਆਂ ਮੱਲਾਂ ਬੁਢਾਪੇ ਨੂੰ ਸ਼ਾਂਤੀ ਭਰਪੂਰ ਬਣਾਉਣ 'ਚ ਸਹਾਈ ਹੁੰਦੀਆਂ ਹਨ। ਬੜੇ ਦੁੱਖ ਨਾਲ ਅੱਜ ਬਜ਼ੁਰਗ ਆਖਦੇ ਹਨ ਕਿ ਬਈ ਅੱਜਕਲ੍ਹ ਦੇ ਮੁੰਡੇ ਕੁੜੀਆਂ ਨਹੀਂ ਪ੍ਰਵਾਹ ਕਰਦੇ ਆਪਣੇ ਪੁਰਖਿਆਂ ਦੀ। ਇਹਦੇ ਵਿਚ ਹੁਣ ਕੋਈ ਸ਼ੱਕ ਵੀ ਨਹੀਂ ਰਹਿ ਜਾਂਦਾ ਕਿਉਂਕਿ ਅੱਜ ਦੇ ਜਵਾਨ ਖਾਸ ਕਰਕੇ ਪਿੰਡਾਂ 'ਚ ਪਿੰਡ ਦੇ ਬਜ਼ੁਰਗਾਂ ਨੂੰ ਫਤਹਿ ਬੁਲਾਉਣੀ ਵੀ ਔਖੀ ਸਮਝਦੇ ਹਨ। ਬਜ਼ੁਰਗਾਂ ਨੂੰ ਮਖੌਲ ਕਰਨ 'ਚ ਆਪਣਾ ਮਾਣ ਸਮਝਦੀ ਹੈ। ਅੱਜ ਦੇ ਪੜ੍ਹੇ-ਲਿਖੇ ਮਾਪੇ ਅਜਿਹਾ ਹੁੰਦਾ ਵੇਖ ਹੱਸ ਕੇ ਸਮਾਂ ਲੰਘਾ ਦਿੰਦੇ ਹੁੰਦੇ ਹਨ। ਬਜ਼ੁਰਗਾਂ ਨਾਲ ਹੋ ਰਿਹਾ ਇਹ ਵਰਤਾਰਾ ਬੁਢਾਪੇ 'ਚ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ ਇਸੇ ਲਈ ਦੁਖੀ ਮਨ ਨਾਲ ਇਹੋ ਜਿਹੇ ਬਜ਼ੁਰਗ ਆਖਦੇ ਹਨ ਕਿ ਬਈ ਇਸ ਨਾਲੋਂ ਤਾਂ ਸਾਡਾ ਜ਼ਮਾਨਾ ਕਿਤੇ ਚੰਗਾ ਸੀ, ਸਾਡੀ ਜੁਰੱਅਤ ਨਹੀਂ ਸੀ ਹੁੰਦੀ ਕਿ ਅਸੀਂ ਮਾਪਿਆਂ ਅੱਗੇ ਅੱਖ ਵੀ ਚੁੱਕ ਕੇ ਵੇਖ ਸਕਦੇ। ਅੱਜ ਦੇ ਜੁਆਕ ਵੀ ਮਾਣ ਨਹੀਂ ਹਨ। ਜਵਾਨੀ ਨੂੰ ਚੰਗੇ ਪਾਸੇ ਲਾਉਣ 'ਚ ਸਰਕਾਰਾਂ ਦਾ ਵੀ ਵੱਡਾ ਰੋਲ ਹੁੰਦਾ ਹੈ ਖਾਸ ਕਰਕੇ ਟੈਲੀਵਿਜ਼ਨ ਵਰਗੇ ਮਾਧਿਅਮ ਰਾਹੀਂ। ਅੱਜ ਦੀਆਂ ਸਰਕਾਰਾਂ ਦਾ ਇਸ ਪਾਸੇ ਵੱਲ ਕੋਈ ਧਿਆਨ ਹੀ ਨਹੀਂ ਹੈ। ਟੈਲੀਵਿਜ਼ਨ ਤੋਂ ਕੋਈ ਅਜਿਹੇ ਠੋਸ ਨਸੀਹਤ ਭਰਪੂਰ ਪ੍ਰੋਗਰਾਮ ਹੀ ਸਿਰਜੇ ਨਹੀਂ ਜਾਂਦੇ। ਟੈਲੀਵਿਜ਼ਨ ਤੋਂ ਮਿਥਿਹਾਸਕ ਅਜਿਹੇ ਸੀਰੀਅਲ ਕਈ ਵਾਰੀ ਵੇਖਣ ਨੂੰ ਮਿਲਦੇ ਹਨ ਜਿਹੜੇ ਜਵਾਨੀ ਨੂੰ ਗਲਤ ਰਾਹ ਤੋਰਨ 'ਚ ਤੁਰ ਪੈਂਦੇ ਹਨ।

ਸਰਕਾਰਾਂ ਚਾਹੁਣ ਤਾਂ ਸਭ ਕੁਝ ਘੰਟਿਆਂ 'ਚ ਹੀ ਸਿੱਧੇ ਰਾਹ ਆ ਜਾਂਦਾ ਹੈ। ਅੱਜ ਪੰਜਾਬ ਦੀ ਜਵਾਨੀ ਦੇ ਮੱਥੇ ਦਾ ਕਲੰਕ ਬਣ ਚੁੱਕਿਆ ਹੈ ਛੇਵਾਂ ਦਰਿਆ। ਸਰਕਾਰਾਂ ਨੇ ਆਪਣੇ ਸੁਖ ਆਰਾਮ ਲਈ ਆਮਦਨ 'ਚ ਵਾਧਾ ਕਰਨ ਲਈ ਥਾਂ-ਥਾਂ ਸ਼ਰਾਬ ਦੇ ਠੇਕੇ ਖੋਲ੍ਹ ਰੱਖੇ ਹਨ ਨਾਲ ਹੀ ਏ.ਸੀ. ਅਹਾਤੇ ਵੀ ਮਨਜ਼ੂਰਸ਼ੁਦਾ ਬਣਾ ਦਿੱਤੇ ਹਨ ਫਿਰ ਬਿਨਾਂ ਰੋਕ ਟੋਕ ਸੜਕਾਂ ਤੇ ਖੁੱਲ੍ਹੇ ਠੇਕਿਆਂ ਦੇ ਅੱਗੇ ਲੱਗੇ ਮੇਜ਼ਾਂ ਤੇ ਰੱਖ ਕੇ ਸ਼ਰਾਬ ਪੀਣ 'ਚ ਅੱਜ ਦੀ ਜਵਾਨੀ ਆਪਣੀ ਸ਼ਾਨ ਹੀ ਸਮਝਦੀ ਹੈ। ਵਿਆਹ ਸ਼ਾਦੀਆਂ ਦੇ ਸੰਬੰਧ ਵਿਚ ਆਏ ਮੈਰਿਜ ਪੈਲਸ ਕਲਚਰ ਨੇ ਜਵਾਨੀ ਦੀ ਸ਼ਰਮ ਹਯਾ ਨੂੰ ਬੇਸ਼ਰਮ ਕਰਨ 'ਚ ਪੂਰਾ ਯੋਗਦਾਨ ਪਾਇਆ ਹੈ। ਮਜ਼ਦੂਰੀ ਵਸ ਆਰਕੈਸਟਰਾ ਨਾਲ ਨੱਚਦੀਆਂ ਧੀਆਂ ਭੈਣਾਂ ਪੰਜਾਬੀ ਵਿਰਸੇ ਦੀ ਅਮੀਰਤ ਨੂੰ ਪੈਰਾਂ 'ਚ ਰੋਲ ਜਾਂਦੀਆਂ ਹਨ। ਜਿਹੜੀ ਜਵਾਨੀ ਪਿਤਾ ਸਾਹਮਣੇ ਸ਼ਰਾਬ ਦਾ ਨਾਮ ਲੈਣ 'ਚ ਵੀ ਸ਼ਰਮ ਮਹਿਸੂਸ ਕਰਦੀ ਸੀ ਅੱਜ ਮੈਰਿਜ ਪੈਲਸ ਕਲਚਰ ਨੇ ਅਜਿਹੀ ਸ਼ਰਮ ਚੁੱਕੀ ਹੈ ਕਿ ਵਿਆਹ ਸਮੇਂ ਲੱਗੇ ਸ਼ਰਾਬ ਪੀਣ ਲਈ ਮੇਜ਼ ਜੋ ਨਾਲੋਂ ਨਾਲ ਹੀ ਹੁੰਦੇ ਹਨ ਉਥੇ ਇਕ ਮੇਜ਼ ਤੇ ਪਿਤਾ ਜੀ ਆਪਣੇ ਮਿੱਤਰਾਂ ਨਾਲ ਪੀ ਰਹੇ ਹੁੰਦੇ ਹਨ ਅਤੇ ਦੂਸਰੇ ਪਾਸੇ ਨਾਲ ਵਾਲੇ ਮੇਜ਼ ਤੇ ਕਾਕਾ ਜੀ ਆਪਣੇ ਮਿੱਤਰਾਂ ਨਾਲ ਪੈਗ ਤੇ ਪੈਗ ਟਕਰਾ ਰਹੇ ਹੁੰਦੇ ਹਨ। ਕੁਰਾਹੇ ਪੈ ਚੁੱਕੀ ਜਵਾਨੀ ਵੱਲ ਸਰਕਾਰਾਂ ਦਾ ਰਤਾ ਭਰ ਵੀ ਧਿਆਨ ਨਹੀਂ ਹੈ। ਸਿੱਖ ਪਰਿਵਾਰਾਂ 'ਚ ਪੈਦਾ ਹੋ ਕੇ ਸਿੱਖ ਜਵਾਨ ਆਏ ਦਿਨ ਘੋਨ ਮੋਨ ਹੋ ਕੇ ਦਸਵੇਂ ਪਾਤਸ਼ਾਹ ਜੀ ਦੇ 7 ਸਾਲ ਤੇ 9 ਸਾਲ ਦੇ ਲਾਲਾਂ ਦੀ ਸਿੱਖੀ ਖਾਤਰ ਦਿੱਤੀ ਕੁਰਬਾਨੀ ਤੋਂ ਮੁਨਕਰ ਹੋ ਰਹੇ ਹਨ। ਨਸ਼ਿਆਂ 'ਚ ਪੰਜਾਬ ਦੀ ਜਵਾਨੀ ਬੁਰੀ ਤਰ੍ਹਾਂ ਆਪਾ ਬਰਬਾਦ ਕਰ ਰਹੀ ਹੈ। ਸਮੈਕ ਵਰਗੇ ਨਸ਼ਿਆਂ ਨੇ ਘਰਾਂ ਦੇ ਘਰ ਪੱਟ ਸੁੱਟੇ ਹਨ। ਲੱਗਭਗ ਡੇਢ ਦਹਾਕਾ ਚੱਲੀ ਕਾਲੀ ਹਨ੍ਹੇਰੀ ਨੇ ਝੂਠੇ ਪੁਲਿਸ ਮੁਕਾਬਲਿਆਂ ਤਹਿਤ ਕਈ ਜ਼ਿਲ੍ਹਿਆਂ 'ਚ ਪਿੰਡਾਂ ਦੇ ਪਿੰਡ ਜਵਾਨੀ ਵੱਲੋਂ ਖਾਲੀ ਕਰ ਦਿੱਤੇ ਸਨ। ਹਾਲਾਤ ਇਸ ਕਦਰ ਨਿੱਘਰ ਗਏ ਸਨ ਕਿ ਉਥੇ ਕਈ ਸਾਲਾਂ ਤੱਕ ਜੰਜ ਚੜ੍ਹਨ ਤੋਂ ਵਾਂਝੇ ਕਰ ਦਿੱਤੇ ਸਨ।



ਪੰਜਾਬ ਦੀ ਲੀਡਰਸ਼ਿਪ ਦੀ ਸੋਚ 'ਚ ਵੱਡੀ ਪੱਧਰ ਤੇ ਨਿਘਾਰ ਆ ਚੁੱਕਿਆ ਹੈ ਕਿ ਇਨ੍ਹਾਂ ਲੀਡਰਾਂ ਨੇ ਆਪਣੇ ਪੁੱਤਾਂ ਨੂੰ ਤਾਂ ਪੜ੍ਹਾਈ ਖਤਮ ਹੁੰਦੇ ਸਾਰ ਹੀ ਰਾਜਸੀ ਅਹੁਦੇ ਦੇ ਕੇ ਫਿੱਟ ਕਰ ਲਿਆ ਹੈ ਪਰ ਬੇਰੁਜ਼ਗਾਰ ਅਧਿਆਪਕ ਜਵਾਨ ਗੱਭਰੂ ਤੇ ਮੁਟਿਆਰਾਂ ਜਦੋਂ ਰੋਸ ਮਾਰਚ ਕਰਦੇ ਹਨ ਤਾਂ ਸਰਕਾਰਾਂ ਗੱਲਬਾਤ ਕਰਨ ਦੀ ਥਾਂ ਲਾਠੀਚਾਰਜ ਕਰਵਾ ਕੇ ਦਸਤਾਰਧਾਰੀ ਪੰਜਾਬੀ ਪੁੱਤਾਂ ਦੀਆਂ ਦਸਤਾਰਾਂ ਨੂੰ ਪੈਰਾਂ 'ਚ ਰੋਲਦੀ ਹੈ ਅਤੇ ਜਵਾਨ ਧੀਆਂ ਦੀ ਪੁਲਿਸ ਖਿਚ ਧੂ ਕਰਦੀ ਹੈ। ਜਿਹੜੇ ਸੂਰਮੇ ਪੰਜਾਬੀ ਨੌਜਵਾਨਾਂ ਨੇ ਉਸ ਕਾਲੀ ਹਨ੍ਹੇਰੀ ਨੂੰ ਨੰਗੇ ਪਿੰਡੇ ਹੰਢਾਇਆ ਉਹ ਤਾਂ ਜੇਲ੍ਹਾਂ 'ਚ ਰੁਲ ਰਹੇ ਹਨ ਤੇ ਲੀਡਰਾਂ ਦੇ ਕਾਕੇ ਲਾਲ ਬੱਤੀ ਦਾ ਸ਼ਿਕਾਰ ਬਣ ਕੇ ਵਿਚਰਦੇ ਹਨ।

ਸਰਕਾਰਾਂ ਨੂੰ ਵੱਡੀ ਪੱਧਰ ਤੇ ਜਵਾਨੀ ਦਾ ਘਾਣ ਕਰਨਾ ਸ਼ੋਭਾ ਨਹੀਂ ਦਿੰਦਾ। ਜਵਾਨੀ ਦਾ ਫਰਜ਼ ਬਣਦਾ ਹੈ ਕਿ ਨਸ਼ਾ ਰਹਿਤ ਪੰਜਾਬ ਸਿਰਜਣ 'ਚ ਮੋਹਰੀ ਹੋ ਕੇ ਚੱਲੇ। ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਚ ਛੇਵਾਂ ਦਰਿਆ ਜੋ ਪੰਜਾਬੀ ਜਵਾਨੀ ਦੇ ਮੱਥੇ ਦਾ ਕਲੰਕ ਰਿਹਾ, ਇਹ ਛੇਵਾਂ ਦਰਿਆ ਬੰਦ ਕਰਨ 'ਚ ਪੰਜਾਬੀ ਜਵਾਨਾਂ ਦਾ ਯੋਗਦਾਨ ਮਿਲ ਜਾਵੇ ਤਾਂ ਸੋਨੇ ਤੇ ਸੁਹਾਗਾ ਹੋ ਨਿਬੜੇਗਾ। ਪੰਜਾਬ 'ਚ ਬਿਰਧ ਆਸ਼ਰਮ ਬਣਾਏ ਜਾਣਾ ਵੀ ਪੰਜਾਬ ਦੇ ਗੱਭਰੂਓ ਮਾੜੀ ਪਿਰਤ ਹੈ ਅਤੇ ਤ੍ਰਾਸਦੀ ਹੈ ਉਸ ਮਾਣਮੱਤੇ ਪੰਜਾਬੀ ਸੱਭਿਆਚਾਰ ਦੀ ਜਿਸ ਤੋਂ ਛਾਂ ਲੈ ਕੇ ਪੰਜਾਬ ਦੇ ਗੱਭਰੂ ਬਿਰਧ ਮਾਂ ਬਾਪ ਦੀ ਸੇਵਾ ਕਰਕੇ ਜੀਵਨ ਸਫਲਾ ਕਰਦੇ ਸਨ। ਸੋ ਪੰਜਾਬ ਦੀ ਜਵਾਨੀ ਨੂੰ ਫਰਜ਼ਾਂ ਤੇ ਪਹਿਰਾ ਦੇਣਾ ਲਾਜ਼ਮੀ ਹੋ ਗਿਆ ਹੈ। ਪੰਜਾਬ ਦੇ ਗੱਭਰੂਓ ਇਸ ਸ਼ੇਅਰ ਤੇ ਜ਼ਰੂਰ ਗੌਰ ਕਰਨੀ ਕਿ

**ਜ਼ਿੰਦਗੀ ਦੇ ਵਾਰਸੋ ਜ਼ਿੰਦਗੀ ਦੀ ਅਰਜ਼ ਹੈ**
**ਜ਼ਿੰਦਗੀ ਖੁਆਬ ਨਹੀਂ ਜ਼ਿੰਦਗੀ ਇਕ ਫਰਜ਼ ਹੈ।**

ਪੰਜਾਬ ਦੀਆਂ ਧੀਆਂ ਮਾਣ ਮੱਤੀਆਂ ਪੰਜਾਬਣਾਂ ਨੂੰ ਵੀ ਇਨ੍ਹਾਂ ਲਾਈਨਾਂ ਤੇ ਗੌਰ ਕਰਨਾ ਚਾਹੀਦਾ ਹੈ ਕਿ –

**ਸਸਤੀ ਸ਼ੋਹਰਤ ਬਦਲੇ ਵਿਕਣਾ ਹੋਛੇਪਣ ਦਾ ਸੂਚਕ ਹੈ**
**ਹੁਸਨ ਜਵਾਨੀ ਹਾਸੇ ਨਖ਼ਰੇ ਸੋਹਣੇ ਲੱਗਣ ਹਯਾ ਦੇ ਨਾਲ**

# ਸ਼ਾਂਤੀ ਦੀ ਸਿੱਖਿਆ - ਸਮੇਂ ਦੀ ਲੋੜ

**ਸੁਨੀਤਾ ਉਪਲ**

ਸ਼ਾਂਤੀ ਕੋਈ ਬਾਹਰ ਵਾਪਰਨ ਵਾਲਾ ਵਰਤਾਰਾ ਨਹੀਂ, ਸ਼ਾਂਤੀ ਤਾਂ ਮਨ ਦੀ ਇਕ ਅਵਸਥਾ ਹੈ। ਸ਼ਾਂਤੀ ਦੀ ਲਾਲਸਾ ਹਰ ਕਿਸੇ ਨੂੰ ਹੁੰਦੀ ਹੈ, ਹਰ ਕੋਈ ਸ਼ਾਂਤੀ 'ਚ ਵਿਚਰਨਾ ਚਾਹੁੰਦਾ ਹੈ ਤੇ ਇਸਦੀ ਪ੍ਰਾਪਤੀ ਲਈ ਇਨਸਾਨ ਆਪਣੀ ਸੋਚ ਦੇ ਪੱਧਰ ਅਨੁਸਾਰ ਹਰ ਸੰਭਵ ਯਤਨ ਵੀ ਕਰਦਾ ਹੈ।

ਪੁਰਾਤਨ ਕਾਲ ਤੋਂ ਹੀ ਮਨੁੱਖ ਦੀ ਸ਼ਾਂਤੀ ਦੀ ਪ੍ਰਾਪਤੀ ਲਈ ਭਟਕਣਾ ਜਾਰੀ ਰਹੀ ਹੈ। ਆਤਮਿਕ ਸ਼ਾਂਤੀ ਲਈ ਰਿਸ਼ੀ-ਮੁਨੀ ਜੰਗਲਾਂ ਵਿਚ ਤਪੱਸਿਆ ਕਰਦੇ ਰਹੇ ਹਨ। ਪਰ ਸ਼ਾਂਤੀ ਤਪੱਸਿਆ ਕਰਕੇ ਨਹੀਂ ਮਿਲਦੀ। ਆਪਣੇ ਆਪ ਨੂੰ ਸ਼ਾਂਤ ਰੱਖਣਾ, ਆਪਣੇ ਕ੍ਰੋਧ ਤੇ ਕਾਬੂ ਪਾਉਣਾ ਇਹ ਆਪਣੇ ਆਪ 'ਚ ਤਪੱਸਿਆ ਵਰਗਾ ਵਰਤਾਰਾ ਹੈ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਇਸ ਧਰਤੀ ਤੇ ਜਨਮ ਲੈਂਦੇ ਸਾਰ ਹੀ ਅਨੇਕਾਂ ਰਿਸ਼ਤਿਆਂ 'ਚ ਬੱਧ ਜਾਂਦਾ ਹੈ। ਪਰ ਕੀ ਘਰ ਬਾਰ ਤਿਆਗ ਕੇ, ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਉਹ ਸ਼ਾਂਤ ਰਹਿ ਸਕਦਾ ਹੈ? ਸ਼ਾਇਦ ਨਹੀਂ। ਕਿਸੇ ਨੂੰ ਤਕਲੀਫ਼ ਦੇਣ ਦਾ ਅਹਿਸਾਸ ਸ਼ਾਂਤੀ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹੈ।

ਜਿਸ ਨੇ ਆਪਣੇ ਮਨ ਨੂੰ ਸਾਧ ਲਿਆ, ਆਪਣੇ ਅੰਤਰਮਨ 'ਚ ਸ਼ਾਂਤੀ ਪਾ ਲਈ, ਸੰਸਾਰ ਦੇ ਸ਼ੋਰ ਗੁੱਲ ਉਸਨੂੰ ਅਸ਼ਾਂਤ ਨਹੀਂ ਕਰ ਸਕਦੇ। ਇਹ ਦਿਸਦਾ ਸੰਸਾਰ ਸਾਡੇ ਲਈ ਸਾਡੀਆਂ ਸੋਚਾਂ, ਸਾਡੇ ਨਜ਼ਰੀਏ ਦਾ ਹੀ ਪ੍ਰਤੀਬਿੰਬ ਹੁੰਦਾ ਹੈ। ਆਪਣੇ ਮਨ ਨੂੰ ਸ਼ਾਂਤ ਕੀਤੇ ਬਿਨਾਂ ਬਾਹਰੀ ਦੁਨੀਆਂ ਵਿਚ ਸ਼ਾਂਤੀ ਦੀ ਖੋਜ ਕਰਨਾ ਵਿਅਰਥ ਹੈ।

ਸ਼ਾਂਤੀ ਪ੍ਰਾਪਤ ਕਰਨ ਦਾ ਮੂਲ ਮੰਤਰ ਵੀ ਇਹ ਹੈ - ਆਪਣੇ ਸੁੱਖ ਦਾ ਤਿਆਗ ਕਰਕੇ ਦੂਸਰਿਆਂ ਦੀ ਖੁਸ਼ੀ ਤੇ ਸੇਵਾ ਲਈ ਸਮਰਪਿਤ ਹੋ ਜਾਣਾ। ਦੂਸਰਿਆਂ ਨੂੰ ਕੁਝ ਦੇਣ ਵਿਚ ਤੇ ਕਿਸੇ ਦੇ ਕੰਮ ਆਉਣ ਦੀ ਭਾਵਨਾ ਵਿਚ ਜੋ ਅਨੰਦ ਹੈ, ਜੋ ਮਾਨਸਿਕ ਤਸੱਲੀ ਮਿਲਦੀ ਹੈ, ਉਹ ਆਪਣੀਆਂ ਇਛਾਵਾਂ ਪੂਰੀਆਂ ਕਰਕੇ ਨਹੀਂ ਮਿਲਦੀ। ਸੇਵਾ ਭਾਵ 'ਚੋਂ ਉਪਜੀ ਖੁਸ਼ੀ ਤੇ ਮਾਨਸਿਕ ਤਸੱਲੀ ਹੀ ਸ਼ਾਂਤੀ ਦਾ ਆਧਾਰ ਹੈ। ਕਿਸੇ ਦਾ ਹੱਕ ਮਾਰ ਕੇ ਜਾਂ ਕਿਸੇ ਦਾ ਦਿਲ ਦੁਖਾ ਕੇ ਸ਼ਾਂਤੀ ਪ੍ਰਾਪਤ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸ਼ਾਂਤੀ ਪ੍ਰਾਪਤ ਕਰਨ ਦਾ ਇਕ ਹੋਰ ਸਾਧਨ ਹੈ, ਆਪਣੇ ਆਪ ਨੂੰ ਜਾਨਣਾ। ਜਿੰਨਾਂ ਅਸੀਂ ਆਪਣੇ ਆਪ ਨੂੰ ਵਧੇਰੇ ਜਾਣਾਂਗੇ, ਸ਼ਾਂਤ ਤੇ ਸੁਖੀ ਰਹਿਣਾ ਉਨ੍ਹਾਂ ਹੀ ਸਹਿਜ ਹੋ ਜਾਵੇਗਾ। ਜੇ ਸਾਡੇ ਕੋਲ ਆਪਣੇ ਆਪਨੂੰ ਜਾਨਣ ਦਾ ਸਮਾਂ ਨਹੀਂ ਤਾਂ ਸਾਡੇ ਭਟਕਣਾ ਵਿਚ ਫਸਣ ਦੇ ਮੌਕੇ ਵਧ ਜਾਂਦੇ ਹਨ। ਅਸੀਂ ਆਪਣੀ ਦਿਸ਼ਾ ਨਿਰਧਾਰਿਤ ਨਹੀਂ ਕਰ ਸਕਦੇ। ਆਪਣੇ ਆਪ ਨੂੰ ਜਾਨਣ ਵਾਲਾ ਵਿਅਕਤੀ ਹਰ ਸਥਿਤੀ, ਹਰ ਮੌਕੇ, ਹਰ ਜਗ੍ਹਾ ਤੇ ਆਪਣੇ ਆਪ ਨੂੰ ਸਹਿਜ ਰੱਖ ਸਕਦਾ ਹੈ।

ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਵਿਅਰਥ ਦੀਆਂ ਉਲਝਣਾਂ, ਟਕਰਾਵਾਂ ਤੋਂ ਬਚਿਆ ਜਾਵੇ। ਆਪਸੀ ਟਕਰਾ ਵਾਲੇ ਮੌਕੇ ਪੈਦਾ ਹੀ ਨਾ ਹੋਣ ਦਿੱਤੇ ਜਾਣ। ਜੇਕਰ ਅਜਿਹੇ ਮੌਕੇ ਪੈਦਾ ਵੀ ਹੋ ਜਾਣ ਤਾਂ ਉਸ ਸਮੇਂ ਵਿਵੇਕ ਤੋਂ ਕੰਮ ਲੈਣਾ ਚਾਹੀਦਾ ਹੈ, ਧੀਰਜ ਰੱਖਣਾ ਚਾਹੀਦਾ ਹੈ। ਸਾਡਾ ਅਸ਼ਾਂਤ ਹੋਣਾ ਜਿਥੇ ਮਾਹੌਲ ਨੂੰ ਤਣਾਅਪੂਰਨ ਬਣਾਏਗਾ, ਉਥੇ ਸਾਡਾ ਅਸ਼ਾਂਤ ਹੋਣਾ ਸਾਨੂੰ ਹੀ ਨੁਕਸਾਨ ਪਹੁੰਚਾਏਗਾ। ਅਸੀਂ ਚਿੰਤਾ ਤੇ ਤਣਾਅ ਦੀ ਅਵਸਥਾ ਵਿਚ ਵਿਚਾਰਾਂਗੇ। ਅਸ਼ਾਂਤ ਮਨ ਨਾ ਆਪਣੀ ਮੰਜ਼ਿਲ ਤੈਅ ਕਰ ਸਕਦਾ ਹੈ ਨਾ ਕਿਸੇ ਦੂਸਰੇ ਨੂੰ ਸਹੀ ਸੇਧ ਦੇ ਸਕਦਾ ਹੈ। ਜਦੋਂ ਮਨ ਅਸ਼ਾਂਤ ਹੋ ਜਾਵੇ ਤਾਂ ਸਾਡੀ ਮਾਨਸਿਕ ਹਾਲਤ ਦਾ ਡੋਲਣਾ ਸਾਡੇ ਹਰ ਕੰਮ ਤੋਂ ਪ੍ਰਤੱਖ ਨਜ਼ਰ ਆਉਂਦਾ ਹੈ। ਪਰ ਜਦੋਂ ਮਨ ਸ਼ਾਂਤ ਹੋਵੇ ਤਾਂ ਸਾਡੀ ਕੰਮ ਕਰਨ ਦੀ ਸਮਰੱਥਾ ਦੁੱਗਣੀ ਹੋ ਜਾਂਦੀ ਹੈ ਤੇ ਹਰ ਕੰਮ ਸਹੀ ਤਰੀਕੇ ਨਾਲ ਨੇਪਰੇ ਚੜ੍ਹਦਾ ਹੈ। ਸ਼ਾਂਤੀ ਜਾਂ ਮੌਨ ਮਨ ਦਾ ਹੋਣਾ ਚਾਹੀਦਾ ਹੈ। ਚੁੱਪੀ ਤੇ ਸ਼ਾਂਤੀ ਵਿਚ ਬੜਾ ਫਰਕ ਹੈ। ਇਕ ਚੁੱਪ ਰਹਿਣ ਵਾਲਾ ਤੇ ਸ਼ਾਂਤ ਦਿੱਖਣ ਵਾਲਾ ਵਿਅਕਤੀ ਅੰਦਰੋਂ ਅਸ਼ਾਂਤ ਹੋ ਸਕਦਾ ਹੈ। ਸ਼ਾਂਤੀ ਬਾਹਰੀ ਕਰਮ ਨਹੀਂ, ਆਂਤਰਿਕ ਵਰਤਾਰਾ ਹੈ। ਮਨ ਦਾ ਮੌਨ ਜਾਂ ਮਨ ਦੀ ਕਿਸੇ ਚੰਗੇ ਪਾਸੇ ਇਕਾਗਰਤਾ ਹੀ ਸ਼ਾਂਤੀ ਹੈ।

ਸ਼ਾਂਤੀ ਦੀ ਪ੍ਰਾਪਤੀ ਵਾਸਤੇ ਧਰਮ ਦਾ ਸਹਾਰਾ ਲਿਆ ਜਾ ਸਕਦਾ ਹੈ। ਹਰ ਧਰਮ ਦੇ ਕੁਝ ਮੂਲ ਸ਼ਬਦਾਂ ਦਾ ਵਾਰ-ਵਾਰ ਉਚਾਰਨ ਸਾਡੇ ਮਨ ਨੂੰ ਇਕਾਗਰਤਾ ਪ੍ਰਦਾਨ ਕਰਦਾ ਹੈ।

ਸ਼ਾਂਤੀ ਦੀ ਸਿੱਖਿਆ ਦਾ ਇਕ ਅਹਿਮ ਪਹਿਲੂ ਮੌਨ ਪ੍ਰਾਰਥਨਾ ਵੀ ਹੈ। ਮੌਨ ਪ੍ਰਾਰਥਨਾ ਭਾਵ ਸ਼ਾਂਤ ਚਿੱਤ ਹੋ ਕੇ ਆਪਣੇ ਆਪ ਨੂੰ ਜਾਨਣਾ। ਆਪਣੇ ਮਾਤਾ-ਪਿਤਾ ਤੇ ਪਰਮਾਤਮਾ ਨੂੰ ਯਾਦ ਕਰਨਾ, ਜਿਨ੍ਹਾਂ ਦੀ ਵਜ੍ਹਾ ਨਾਲ ਅਸੀਂ ਇਸ ਜਗਤ ਤੇ ਆਏ ਹਾਂ। ਸ਼ੁਕਰਾਨੇ ਦਾ ਭਾਵ ਮਨ ਨੂੰ ਅਨੋਖੀ ਸ਼ਾਂਤੀ ਪ੍ਰਦਾਨ ਕਰਦਾ ਹੈ।

ਇਕ ਸ਼ਾਂਤ ਚਿੱਤ ਵਿਅਕਤੀ ਵਿਚ ਕਈ ਦੈਵੀ ਗੁਣ ਆ ਜਾਂਦੇ ਹਨ। ਅਜਿਹਾ ਵਿਅਕਤੀ ਸਤਿਕਾਰ ਦਾ ਪਾਤਰ ਬਣ ਜਾਂਦਾ ਹੈ। ਸ਼ਾਂਤ ਚਿੱਤ ਵਿਅਕਤੀ ਨੂੰ ਉਲਝਾਉਣਾ ਜਾਂ ਮੂਰਖ ਬਣਾਉਣਾ ਬਹੁਤ ਹੀ ਮੁਸ਼ਕਿਲ ਹੈ। ਸ਼ਾਂਤੀ ਅਜਿਹਾ ਵਾਰ ਹੈ ਜਿਸਦੇ ਅੱਗੇ ਦੂਸਰੇ ਖਤਰਨਾਕ ਵਾਰ ਵੀ ਗੋਡੇ ਟੇਕ ਦਿੰਦੇ ਹਨ। ਸ਼ਾਂਤੀ ਸਭ ਪ੍ਰਕਾਰ ਦੇ ਬੁਰੇ ਪ੍ਰਭਾਵਾਂ ਨੂੰ ਵਿਚ ਸਮੇਟਣ ਦੀ ਸਮਰੱਥਾ ਰੱਖਦੀ ਹੈ।

ਅੱਜ ਦੀ ਇਸ ਦੁਨੀਆਂ ਵਿਚ ਜਦੋਂ ਸਾਰੇ ਵਿਸ਼ਵ ਤੇ ਜੰਗ ਦੇ ਬੱਦਲ ਮੰਡਰਾ ਰਹੇ ਹਨ, ਪਤਾ ਨਹੀਂ ਕਦੋਂ ਵੀ ਵਾਪਰ ਜਾਣਾ ਹੈ। ਐਟਮਾਂ ਨੇ ਸਭਦੇ ਸਾਹ ਸੂਤੇ ਹੋਏ ਹਨ। ਇਹੋ ਜਿਹੇ ਹਾਲਾਤ ਵਿਚ ਹਰ ਕੋਈ ਚਾਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਹੋ ਜਿਹੇ ਹਾਲਾਤ ਬਣਨ ਤੋਂ ਪਹਿਲਾਂ ਮੌਕਾ ਸੰਭਾਲ ਲਿਆ ਜਾਵੇ। ਵਿਸ਼ਵ ਪੱਧਰ ਤੇ ਸ਼ਾਂਤੀ ਸਥਾਪਿਤ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ, ਸ਼ਾਂਤੀ ਸਮਝੌਤੇ ਹੋ ਰਹੇ ਹਨ। ਸ਼ਾਂਤੀ ਦੀ ਸਿੱਖਿਆ ਦੇਣਾ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਬਣ ਗਿਆ ਹੈ। ਇਸ ਲਈ ਅੱਜ ਬਹੁਤ ਸਾਰੇ ਸਕੂਲਾਂ ਵਿਚ 'ਪੀਸ ਐਜੂਕੇਸ਼ਨ' ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸ਼ਾਂਤੀ ਸਿੱਖਿਆ ਸੰਬੰਧੀ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਜੋ ਵਿਦਿਆਰਥੀ ਸ਼ਾਂਤੀ ਦੇ ਮਹੱਤਵ ਨੂੰ ਸਮਝਣ ਤੇ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ।




# ਕਾਵਿ-ਕਿਆਰੀ



## ਪੰਜਾਬ ਪੰਜਾਬੀ ਪੰਜਾਬੀਅਤ

'ਪੰਜ-ਆਬੀ' ਪੰਜਾਬ ! ਨਿਰਭਉ ਨਿਰਵੈਰ ਪੰਜਾਬੀਆਂ ਦੀ,
ਕਰਮਸ਼ੀਲ-ਸ਼ਤਾਬਦੀਆਂ, ਮਾਹਤਾਬੀਆਂ, ਆਫ਼ਤਾਬੀਆਂ ਦੀ,
ਮਰਤੂਬ ਜਲਵਾਯੂ ਵਾਲੀ, ਬਹੁਤ ਹੀ ਜ਼ਰਖੇਜ਼ ਜ਼ਮੀਨ ਹੈ।
ਜਿਸ ਦੀ ਆਨ-ਸ਼ਾਨ ਲਈ, ਹਰ ਪੰਜਾਬੀ ਆਫ਼ਰੀਨ ਹੈ।



ਮਨਮੋਹਿਕ ਆਲੋਕਿਕ, ਭੂਗੋਲਿਕ ਬਣਤਰ ਕਰਕੇ,
ਸਵੈ ਸੁਰੱਖਿਅਤ, ਕੁਦਰਤ ਸਿਰਜੇ ਤੰਤਰ ਕਰਕੇ,
ਪੰਜ ਦਰਿਆਵਾਂ ਦੀ, ਬਹਿਰੂਨੀ ਘੇਰਾਬੰਦੀ ਕਰਕੇ,
ਹਰ ਦੁਆਬ ਦੀ, ਅੰਦਰੂਨੀ ਨਖੇੜਾਬੰਦੀ ਕਰਕੇ,
ਬਾਰਾਂ-ਕੋਸੀ ਰਵਾਇਤੀ, ਨਾਂਮਾਤ੍ਰ, ਅੰਤਰ ਜ਼ਰੂਰ ਹੈ।
ਇਹ ਪ੍ਰਭਾਵ ਸਤੱਈ ਸੱਤਰ 'ਤੇ, ਸਥਾਨਕ ਸ਼ਊਰ ਹੈ।

ਬੁਜ਼ਦਿਲ ਕਲੰਕਿਤ, ਅੰਭ੍ਰੀ ਦੰਭ੍ਰੀ ਦੇ ਹਰਾਸ ਕਰਕੇ,
ਪੋਰਸ ਤੋਂ ਪ੍ਰਾਪਤ ਵਿਰਸਈ, ਅਣਖ਼ੀਲੇ ਇਤਿਹਾਸ ਕਰਕੇ,
ਪੰਜਾਬੀਆਂ ਦਾ ਰਣ ਜੂਝਣ ਵਾਲਾ, ਸ਼ੁੱਭ ਕਰਮਨ ਵਿਸ਼ਵਾਸ ਕਰਕੇ,
ਦੁਨੀਆ ਦਾ ਜੇਤੂ ਘਬਰਾਅ ਕੇ, ਮੁੜ ਗਿਆ ਮਕਦੂਨੀਆ ਨੂੰ।
ਮਨ ਨੂੰ ਮਾਯੂਸ, ਦਿਲ ਨੂੰ ਉਦਾਸ ਨਿਰਾਸ, ਬੇਆਸ ਕਰਕੇ,
ਅੱਜ ਵੀ ਗਵਾਹੀ ਭਰਦਾ ਹੈ, ਦਰਿਆ ਬਿਆਸ ਖਾਸ ਕਰਕੇ।

ਦੱਰਾ ਖ਼ੈਬਰ ਤੋਂ ਪਾਰਲੇ, ਹਾਕਮਾਂ ਮਹਿਕੂਮਾਂ ਵਿੱਚੋਂ
ਜਦੋਂ ਕਦੇ ਕੋਈ ਭੁੱਖਾ ਨੰਗਾ, ਧਾੜਵੀਂ ਆਕ੍ਰਮਣਕਾਰੀ।
ਲਾਲਚ ਗ੍ਰਸਤ ਮੌਕਾ ਪ੍ਰਸਤ, ਬਣ ਆਇਆ ਸ਼ਿਕਾਰੀ।
ਇਸ ਸਰਜ਼ਮੀਨ ਸੂਰਮਿਆਂ, ਜਾਂਬਾਜ਼ ਪੰਜਾਬੀਆਂ ਨੇ,
ਰਿਸ਼ੀਆਂ-ਮੁਨੀਆਂ, ਗੁਰੂਆਂ ਪੀਰਾਂ ਸੂਫ਼ੀ ਫ਼ਕੀਰਾਂ।
ਵਾਲੀ ਮੁਕੱਦਸ ਧਰਤੀ ਦਾ, ਸੁੱਚਮਤਾ ਸਲਾਮਤੀ ਲਈ,
ਅਕਸਰ ਹੀ, ਤੀਰ ਤੁਫੰਗ, ਢਾਲਾਂ ਤੇ ਤਲਵਾਰਾਂ ਫੜ ਕੇ।
ਆਉਂਦਿਆਂ ਨੂੰ ਦਬੋਚ ਲੈਂਦੇ ਸੀ, ਮੌਂਗੀ ਚੜ੍ਹ ਕੇ।

ਪਰ ! ਮਨੂੰ ਦੀ ਕੀਤੀ, ਰੰਗ-ਭੇਦ, ਜਾਤ-ਪਾਤੀ ਵੰਡ ਕਰਕੇ
ਇਕ ਸੁਰ ਵਿਚਰਦਿਆਂ ਨੂੰ, ਦਿੱਤੇ ਹੋਏ ਇਸ ਦੰਡ ਕਰਕੇ
ਖ਼ਾਲਿਕ ਦੀ ਮੁਹੱਬਤੀ ਖ਼ਲਕਤ ਨੂੰ, ਕੀਤੀ ਖੰਡ ਖੰਡ ਕਰਕੇ
ਬ੍ਰਾਮਣ ਕਸ਼ੱਤ੍ਰੀ ਵੈਸ਼ ਸ਼ੂਦਰ, ਬਣਾਈਆਂ ਜਾਤ-ਸਜਾਤੀਆਂ ਨੂੰ।
ਲੋੜ ਸਮੇਂ ਮੈਦਾਨ ਜੂਝਦੇ, ਕੇਵਲ ਕਸ਼ੱਤ੍ਰੀ ਕਾਤੀਆਂ ਨੂੰ।
ਤਮਾਸ਼ਬੀਨ ਬਣੀ ਬੈਠੀਆਂ, ਬਾਕੀ ਸਭਨਾਂ ਜਾਤੀਆਂ ਨੂੰ।

ਗੁਲਾਮੀ ਵਿਚ ਖ਼ੁਨਾਮੀਦਾ, ਪਰਤੰਤ੍ਰ ਦੀ ਹਾਨੀ ਦਾ,
ਲੇਖਾ-ਜੋਖਾ ਕਰਨ ਲਈ, ਜਦ ਵੀ ਮੌਕਾ ਆਇਆ ਹੈ।
ਦੇਸ਼ ਦੀ ਰਾਖੀ ਕਰਨ ਲਈ, ਸੀਸ ਤਲੀ ਤੇ ਧਰਨ ਲਈ
ਜਨਨੀ ਜਨਮ ਭੂਮੀ ਦੀ ਮਜ਼ਬੂਤੀ ਲਈ, ਆਹੁਤੀ ਦੇ ਕੇ।
ਹਮੇਸ਼ਾ ਹੀ ਪੰਜਾਬ ਪੰਜਾਬੀ ਪੰਜਾਬੀਆਂ ਨੇ
ਦੇਸ਼ ਭਗਤੀ ਦੀ ਸ਼ਕਤੀ ਦਾ, ਮਨੋਵਿਗਿਆਨ, ਸਮਝਾਇਆ ਹੈ।

ਜਿਸ ਦੀ ਬਦੌਲਤ ਸਾਡੀਆਂ, ਭਾਰਤੀ ਬਹੂ-ਬੇਟੀਆਂ ਨੂੰ,
ਬਾਕੀ ਧਨ ਦੌਲਤ ਵਾਂਗੂੰ, ਲੁੱਟਨ ਪੁੱਟਨ ਕੁੱਟਨ ਲਈ।
ਕਦੇ ਤਿਮਾਹੀਂ ਕਦੇ ਛਿਮਾਹੀਂ, ਬਿਨਾਂ ਕਿਸੇ ਭੈ, ਮੂੰਹ ਚੁੱਕ ਕੇ,
ਅਹਿਮਦ ਸ਼ਾਹ ਅਬਦਾਲੀ ਵਾਂਗੂੰ, ਮੁੜ ਕੇ ਨਾ ਕੋਈ ਆਇਆ ਹੈ।
ਫਿਰ ਵੀ ਜੇ ਕੋਈ ਬਦਦਿਮਾਗ, ਬਦਮਿਜ਼ਾਜ ਬਣ ਸੁਪਨਸਾਜ਼,
ਸੰਤਾਲੀਉਂ ਬਾਅਦ, ਸੈਲਾਬ ਵਾਂਗ ਚੜ੍ਹ ਆਇਆ ਹੈ।
ਮੂੰਹ ਦੀ ਖਾ ਕੇ, ਪੱਤ ਲੁਹਾ ਕੇ, ਆਖਿਰ ਹੋ ਕੇ ਸ਼ਰਮਸਾਰ,
ਦੇਸ਼ ਵਿਦੇਸ਼ ਹਰ ਪੱਧਰ ਤੇ ਉਸ, ਆਪਣਾ ਵੱਕਾਰ ਗੁਆਇਆ ਹੈ।
ਇਹ ਢੀਠ ਮਿੱਟੀ, ਜ਼ਰਾ ਨਹੀਂ ਸੰਗਦੀ, ਹਰ ਵਾਰ ਹੈ ਮਾਫ਼ੀ ਮੰਗਦੀ,
ਇਹ ਸਮਝ ਬਖ਼ਸ਼ ਦਿਉ, ਹਮਸਾਇਆ ਮਾਂ-ਪਿਓ ਜਾਇਆ ਹੈ।

ਹੱਕ ਪਰਾਇਆ ਗਊ ਸੂਰ ਮੁਰਦਾਰ ਬਰਾਬਰ।
ਸੱਚੇ ਸੌਦੇ ਦਾ ਸੰਕਲਪ ਆਦਰਸ਼ ਤੇ ਆਦਰ।
ਭੁੱਖੇ ਸਾਧੂਆਂ ਨੂੰ ਰਜਾਅ ਕੇ, ਕਿਹਾ ਪੁਗਾ ਕੇ
ਲਹੂ ਪੀਣਿਆਂ ਭਾਗੋਆਂ ਨੂੰ, ਜ਼ਮੀਰ ਟੁੰਬ ਜਗਾਇਆ ਹੈ।
ਇਹ ਦਲੇਰਾਨਾ ਮਰਦਾਨਾ, ਸ਼ਾਇਰਾਨਾ ਦਬਕਾ ਦਾਬਾ ਵੀ,
ਪੰਜਾਬ ਪੰਜਾਬੀ ਪੰਜਾਬੀਆਂ, ਰਹਿਤਲ ਦੇ ਹਿੱਸੇ ਆਇਆ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**

*****

## ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ

ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ,
ਮੇਰਾ ਪਿੰਡ ਵੀ ਸ਼ਹਿਰ ਹੋ ਗਿਆ।
ਦਿਲਾਂ ਦੇ ਅੰਦਰ ਵਿਰਮੀਆਂ ਬਣੀਆਂ,
ਅੰਗ ਅੰਗ ਦੇ ਵਿੱਚ ਜ਼ਹਿਰ ਹੋ ਗਿਆ।
ਕੋਈ ਸਮਾਂ ਸੀ ਬੰਨਾਂ-ਚੰਨਾਂ,
ਧੀ ਭੈਣ ਦਾ ਭਾਈਵਾਲ ਸੀ।

ਪੀੜ੍ਹੀ ਦਰ ਪੀੜ੍ਹੀ ਸਾਥ ਸੀ ਨਿਭਦੇ,
ਇੱਕ ਦੂਏ ਦੀ ਮੁੱਛ ਦਾ ਵਾਲ ਸੀ।
ਮੋਹ ਦਾ ਦਰਿਆ ਸੁੱਕਦਾ ਸੁੱਕਿਆ,
ਨਫ਼ਰਤ ਵਾਲੀ ਨਹਿਰ ਹੋ ਗਿਆ....

ਪਿੱਪਲਾਂ ਦੀ ਹੁਣ ਛਾਂ ਰਹੀ ਨਾ,
ਜਿਥੇ ਲੋਕੀ ਮੁੜ ਸੀ ਬਹਿੰਦੇ।
ਹੁਣ ਨਾ ਕੁੜੀਆਂ ਪੀਂਘਾਂ ਝੂਟਣ,
ਨਾ ਹੀ ਕਿਧਰੇ ਛੋਪ ਨੇ ਪੈਂਦੇ।
ਸਾਂਝਾਂ ਦਾ ਸੁਰ ਤਾਲ ਗੁਆਚਾ,
ਬੇ-ਵਜਨਾ, ਬੇ-ਬਹਿਰ ਹੋ ਗਿਆ....

ਪਿੰਡ ਮੇਰਾ ਧੜਿਆਂ ਵਿੱਚ ਵੰਡਿਆ,
ਵੋਟਾਂ ਦੀ ਗਈ ਅਸਮਤ ਲੁੱਟੀ।
ਕੁਰਸੀ ਖਾਤਰ ਲੁੱਟ ਮੱਚ ਗਈ,
ਪਿੰਡ ਮੇਰੇ ਦੀ ਸਾਂਝ ਹੈ ਟੁੱਟੀ।
ਭਰੀ ਸੱਥ ਵਿੱਚ ਪੱਗਾਂ ਲਹੀਆਂ,
ਪਿੰਡ ਮੇਰੇ ਵਿੱਚ ਕਹਿਰ ਹੋ ਗਿਆ....

ਅਜੇ ਵੀ ਪਿੰਡਾ ਕੁਝ ਨਈਂ ਵਿਗੜਿਆ,
ਆਓ ਰਲ਼ ਕੋਈ ਕਰੀਏ ਹੀਲਾ।
ਆਲ੍ਹਣਾ ਮੁੜ ਤੋਂ ਫੇਰ ਬਣਾਈਏ,
'ਕੱਠਾ ਕਰਕੇ ਤੀਲਾ ਤੀਲਾ।
'ਝੱਜ' ਦੀ ਗੱਲ ਨੂੰ ਮੰਨ ਲਓ ਲੋਕੋ,
ਅਜੇ ਕਿਹੜਾ ਆਖਰੀ ਪਹਿਰ ਹੋ ਗਿਆ.....
ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ,
ਮੇਰਾ ਪਿੰਡ ਵੀ ਸ਼ਹਿਰ ਹੋ ਗਿਆ।
ਦਿਲਾਂ ਦੇ ਅੰਦਰ ਵਿਰਮੀਆਂ ਬਣੀਆਂ,
ਅੰਗ ਅੰਗ ਦੇ ਵਿੱਚ ਜ਼ਹਿਰ ਹੋ ਗਿਆ।

**ਜਸਵੀਰ ਝੱਜ**

*****

## ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

ਦਰਿਆ ਦਿਲ ਤੋਂ ਨਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

ਦਿਨ ਹੁੰਦਾ ਚਾਹੇ ਰਾਤ ਹੁੰਦੀ ਸੀ
ਨਾ ਦਿਲ ਵਿੱਚ ਡਰ ਦੀ ਬਾਤ ਹੁੰਦੀ ਸੀ
ਹੁਣ ਖ਼ਤਰਾ ਚੱਤੋ ਪਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ...

ਹੁਣ ਕੋਠੇ ਢਾਅ ਕੇ ਕੋਠੀਆਂ ਪਾਈਆਂ
ਅੱਡ-ਅੱਡ ਹੋ ਗਈਆਂ ਚਾਚੀਆਂ-ਤਾਈਆਂ
ਤੇ ਭਾਈ-ਭਾਈ ਵਿੱਚ ਵੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਹੁਣ ਖਿਲਰ ਗਏ ਸਭ ਭਾਈਚਾਰੇ
ਹੁਣ ਕੋਈ ਨਾ ਕਿਸੇ ਦੀ ਖ਼ੁਸ਼ੀ ਸਹਾਰੇ
ਇੰਝ ਲੱਗੇ ਹਰ ਕੋਈ ਗ਼ੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਜਦ ਕਿਧਰੇ ਕੋਈ ਵਿਆਹ ਹੁੰਦਾ ਸੀ
ਤਾਂ ਸਾਰੇ ਪਿੰਡ ਵਿੱਚ ਚਾਅ ਹੁੰਦਾ ਸੀ
ਪਰ ਹੁਣ ਸਭ ਕੁਝ ਖੜੇ ਪੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਭੀੜੀਆਂ ਗਲੀਆਂ ਵਾਂਗ ਜਿਓਂ ਸੰਗਲੀ
ਰੁੱਖਾਂ ਬਾਝੋਂ ਹਵਾ ਹੋਈ ਗੰਧਲੀ
ਤੇ ਮਿੱਠਾ ਪਾਣੀ ਜ਼ਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਇਹ ਕੈਸਾ ਵਿਕਾਸ ਹੋ ਰਿਹਾ
ਜੋ ਆਪਣੇ-ਪਨ ਦਾ ਨਾਸ ਹੋ ਰਿਹਾ
ਕਹੇ 'ਬਦੇਸ਼ਾ' ਕਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਦਰਿਆ ਦਿਲ ਤੋਂ ਨਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

**ਨਵਦੀਪ ਸਿੰਘ ਬਦੇਸ਼ਾ**

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ



# ਆਓ ਹੱਸੀਏ



ਮੋਟੀ ਪਤਨੀ– ਇਸ ਬੱਸ ਦੇ ਕੰਡਕਟਰ ਨੇ ਮੇਰੀ ਬੇਇੱਜ਼ਤੀ ਕੀਤੀ ਹੈ।

ਪਤੀ– ਭਲਾ ਉਹ ਕਿਵੇਂ?

ਪਤਨੀ– ਜਦੋਂ ਮੈਂ ਬੱਸ ਵਿੱਚ ਉੱਤਰੀ ਤਾਂ ਕਹਿਣ ਲੱਗਾ 3 ਸਵਾਰੀਆਂ ਇਸ ਸੀਟ ’ਤੇ ਆ ਜਾਣ। **ਪ੍ਰਿਯਾ (ਜਲੰਧਰ)**

✪ ✪ ✪

✪ ਇੱਕ ਔਰਤ ਨੇ ਡਾਕਟਰ ਦੇ ਕੋਲ ਜਾ ਕੇ ਕਿਹਾ– ਤੁਸੀਂ ਮੇਰੇ ਪਤੀ ਦੀਆਂ ਅੱਖਾਂ ਦਾ ਇਹ ਕਿਸੇ ਤਰ੍ਹਾਂ ਦਾ ਆਪ੍ਰੇਸ਼ਨ ਕੀਤਾ ਹੈ? ਹੁਣ ਤਾਂ ਉਹ ਮੇਰੇ ਵੱਲ ਦੇਖਦੇ ਹੀ ਨਹੀਂ, ਜਦ ਕਿ ਆਪ੍ਰੇਸ਼ਨ ਤੋਂ ਪਹਿਲਾਂ ਮੇਰੀ ਸੁੰਦਰਤਾ ਦੀ ਤਾਰੀਫ਼ ਕਰਦੇ ਨਹੀਂ ਥੱਕਦੇ ਸਨ?

ਪਹਿਲਾਂ ਉਨ੍ਹਾਂ ਦੀਆਂ ਅੱਖਾਂ ਕਮਜ਼ੋਰ ਸੀ ਆਪ੍ਰੇਸ਼ਨ ਤੋਂ ਬਾਅਦ ਠੀਕ ਹੋ ਗਈਆਂ? ਡਾਕਟਰ ਮੁਸਕਰਾ ਕੇ ਬੋਲਿਆ

**ਸ਼ੰਕਰ (ਨਵੀਂ ਦਿੱਲੀ)**

✪ ✪ ✪

✪ ਬਾਜ਼ਾਰ ਵਿੱਚ ਇੱਕ ਲੜਕੀ ਨੂੰ ਮਿੰਨੀ ਸਕਰਟ ਵਿੱਚ ਦੇਖ ਇੱਕ ਬਜ਼ੁਰਗ ਨੇ ਪੁੱਛਿਆ– ਕੀ ਤੁਹਾਡੀ ਮਾਤਾ ਜੀ ਨੂੰ ਪਤਾ ਹੈ ਕਿ ਤੁਸੀਂ ਅਜਿਹੇ ਕੱਪੜੇ ਪਹਿਨ ਕੇ ਘੁੰਮ ਰਹੇ ਹੋ?

ਜੀ ਨਹੀਂ?

ਜ਼ਰਾ ਸੋਚੋ ਬੇਟੀ, ਜੇਕਰ ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਕਿੰਨੀ ਨਾਰਾਜ਼ ਹੋਵੇਗੀ?

ਜ਼ਰੂਰ ਹੋਵੇਗੀ। ਲੜਕੀ ਨੇ ਕਿਹਾ, ‘ਕਿਉਂਕਿ ਇਹ ਸਕਰਟ ਮੇਰੀ ਮੰਮੀ ਦੀ ਹੀ ਹੈ।’

**ਰਾਹੁਲ (ਕੈਨੇਡਾ)**

✪ ✪ ✪

✪ ਇੱਕ ਦੋਸਤ (ਦੂਸਰੇ ਦੋਸਤ ਨੂੰ) – ਲੜਕਾ ਚਾਹੁਣ ਵਾਲੇ ਚੀਨੀ ਦੰਪਤੀ ਜੁੜਵਾਂ ਲੜਕੀਆਂ ਪੈਦਾ ਹੋਣ ’ਤੇ ਉਨ੍ਹਾਂ ਦਾ ਨਾਂ ਕੀ ਰੱਖਣਗੇ?

ਦੂਸਰਾ– ਦੋਸਤ, ਜੋ ਹੋਇਆ, ਸੋ ਹੋਇਆ?

**ਸੋਹਣੀ (ਮਲੇਰਕੋਟਲਾ)**

✪ ✪ ✪

✪ ਵਿਆਹ ’ਤੇ ਸ਼ਹਿਨਾਈ ਵਜ ਰਹੀ ਸੀ। ਪਤਨੀ ਨੇ ਪਤੀ ਤੋਂ ਪੁੱਛਿਆ, ਇਹ ਕਿਹੜੀ ਧੁੰਨ ਵਜ ਰਹੀ ਹੈ?

ਪਤੀ ਬੋਲਿਆ, ਉਹੀ ਜੋ ਤੂਫਾਨ ਦੇ ਆਉਣ ਤੋਂ ਪਹਿਲਾਂ ਵਜਾਈ ਜਾਂਦੀ ਹੈ।

**ਵਿਜੈ (ਚੰਡੀਗੜ੍ਹ)**

✪ ✪ ✪

✪ ਇੱਕ ਵਿਅਕਤੀ (ਆਪਣੇ ਦੋਸਤ ਨੂੰ)– ਕੱਲ ਮੈਂ ਆਪਣੀ ਪਤਨੀ ਨੂੰ ਬਹੁਤ ਪ੍ਰੇਸ਼ਾਨ ਕੀਤਾ।

ਕਿਵੇਂ?

ਮੈਂ ਉਸ ਨੂੰ ਨਵੀਂ ਸਾੜ੍ਹੀ ਲਿਆ ਦਿੱਤੀ ਅਤੇ ਘਰ ਦੇ ਸਾਰੇ ਸ਼ੀਸ਼ੇ ਲੁਕਾ ਦਿੱਤੇ।

**ਪ੍ਰਤਾਪ ਸਿੰਘ (ਚੰਡੀਗੜ੍ਹ)**

✪ ✪ ✪

✪ ਅਨਿਲ– ਤੁਹਾਡੀ ਪਤਨੀ ਨੂੰ ਅਕਸਰ ਰਸੋਈ ਵਿੱਚ ਹੀ ਦੇਖਦਾ ਹਾਂ।

ਅਸ਼ੋਕ– ਕਿਉਂ? ਕੀ ਗੱਲ ਹੋ ਗਈ?

ਅਨਿਲ– ਮੇਰੇ ਖਿਆਲ ਵਿੱਚ ਉਹ ਰਸੋਈ ਦਾ ਸਾਰਾ ਕੰਮ ਖ਼ੁਦ ਹੀ ਕਰਦੀ ਹੋਵੇਗੀ?

ਅਸ਼ੋਕ– ਨਹੀਂ ਜੀ, ਸਾਡਾ ਟੈਲੀਫ਼ੋਨ ਰਸੋਈ ਵਿੱਚ ਹੈ।

**ਅਨਿਲ (ਨਵੀਂ ਦਿੱਲੀ)**

✪ ✪ ✪

✪ ਪਤਨੀ ਨੂੰ ਡਰਾਈਵਿੰਗ ਸਿਖਾਉਂਦੇ ਪਤੀ ਨੇ ਕਿਹਾ– ਜਦ ਲਾਲ ਬੱਤੀ ਹੋਵੇ ਉਦੋਂ ਰੁਕੋ, ਹਰੀ ਬੱਤੀ ਹੋਣ ’ਤੇ ਅੱਗੇ ਵਧੋ ਅਤੇ ਜਦੋਂ ਮੈਂ ਲਾਲ-ਪੀਲਾ ਹੋਵਾਂ ਉਦੋਂ ਗੱਡੀ ਹੋਲੀ ਕਰ ਦਿਓ।

**ਹਰਮਨ (ਨਿਊਜ਼ੀਲੈਂਡ)**

✪ ✪ ✪

ਪਾਗਲਖ਼ਾਨੇ ਵਿੱਚ ਲੱਗੀ ਘੜੀ ਵੱਲ ਟਿਕਟਿਕੀ ਲਗਾ ਕੇ ਦੇਖਦੇ ਹੋਏ ਇੱਕ ਪਾਗਲ ਨੇ ਡਾਕਟਰ ਤੋਂ ਪੁੱਛਿਆ, ਡਾਕਟਰ ਸਾਹਿਬ, ਕੀ ਇਹ ਘੜੀ ਸਹੀ ਹੈ?

ਡਾਕਟਰ ਸਾਹਿਬ– ਹਾਂ ਸਹੀ ਹੈ।

ਪਰ ਕੀ ਇਹ ਘੜੀ ਸਹੀ ਸਮਾਂ ਦੱਸਦੀ ਹੈ? ਪਾਗਲ ਦੀ ਜਿਗਿਆਸਾ ਵੱਧਣ ਲੱਗੀ।

ਡਾਕਟਰ ਨੇ ਕਿਹਾ, ਹਾਂ ਬਿਲਕੁਲ ਠੀਕ ਸਮਾਂ ਦੱਸਦੀ ਹੈ।

ਫਿਰ ਇਹ ਘੜੀ ਪਾਗਲਖ਼ਾਨੇ ’ਚ ਕੀ ਕਰ ਰਹੀ ਹੈ? **ਸ਼ੰਮੀ (ਸ਼ਾਹਕੋਟ)**

✪ ✪ ✪

✪ ਚੌਕ ਵਿੱਚ ਇੱਕ ਆਦਮੀ ਦੂਜੇ ਆਦਮੀ ਨੂੰ ਦੇਖ ਕੇ ਠਠੰਬਰ ਗਿਆ।

“ਕੀ ਦੇਖ ਰਿਹਾ ਏ?” ਦੂਜਾ ਆਦਮੀ ਕੁਝ ਗੁੱਸੇ ਵਿੱਚ ਬੋਲਿਆ।

ਪਹਿਲਾ ਆਦਮੀ, “ਮਾਫ਼ ਕਰੋ ਭਾਈ ਸਾਹਿਬ। ਮੈਂ ਤੁਹਾਨੂੰ ਘੂਰੇ ਬਿਨਾਂ ਨਹੀਂ ਰਹਿ ਸਕਿਆ, ਸਿਰਫ਼ ਮੁੱਛਾਂ ਦਾ ਫਰਕ ਹੈ, ਨਹੀਂ ਤਾਂ ਤੁਹਾਡੀ ਸ਼ਕਲ ਸੌ ਫੀਸਦੀ ਮੇਰੀ ਪਤਨੀ ਨਾਲ ਮਿਲਦੀ ਹੈ।”

“ਪਰ ਮੇਰੀਆਂ ਤਾਂ ਮੁੱਛਾਂ ਹੀ ਨਹੀਂ ਹਨ।”

ਪਹਿਲਾ ਆਦਮੀ ਉਦਾਸ ਸੁਰ ਵਿੱਚ, “ਮੈਨੂੰ ਪਤਾ ਹੈ ਪਰ ਮੇਰੀ ਪਤਨੀ ਦੀਆਂ ਤਾਂ ਹਨ।” **ਤਾਨਵੀ (ਕੈਨੇਡਾ)**

ਸਿਹਤ ਸੰਭਾਲ

# ਪੇਟ ਦੀਆਂ ਬਿਮਾਰੀਆਂ ਜਲਣ, ਪੇਟ ਗੈਸ ਅਤੇ ਪੇਟ ਅਲਸਰ ਕਿਉਂ ਹੁੰਦੇ ਹਨ ?

ਡਾ. ਜਸਵੰਤ ਸਿੰਘ

**"ਪੇਟ ਵਿਚ ਅਲਸਰ ਹੋਵੇ ਤਾਂ ਦਰਦ ਖਾਣਾ ਖਾਣ ਤੋਂ ਦੋ ਘੰਟੇ ਬਾਅਦ ਸ਼ੁਰੂ ਹੁੰਦੀ ਹੈ। ਹੌਲੀ-ਹੌਲੀ ਇਹ ਦਰਦ ਇਕ-ਦੋ ਘੰਟੇ ਬਾਅਦ ਘਟ ਜਾਂਦੀ ਹੈ। ਸਿੱਧੀ ਪਿੱਛੇ ਪਿੱਠ ਵੱਲ ਜਾਂਦੀ ਹੈ। ਪੇਟ ਵਿਚ ਦਰਦ ਖਾਣਾ ਖਾਣ ਤੋਂ ਅੱਧਾ ਘੰਟਾ ਬਾਅਦ ਸ਼ੁਰੂ ਹੁੰਦੀ ਹੈ। ਦਰਦ ਸਦਾ ਧੁੰਨੀ ਦੇ ਆਸੇ-ਪਾਸੇ ਹੀ ਰਹਿੰਦੀ ਹੈ। ਹੌਲੀ-ਹੌਲੀ ਇਹ ਦਰਦ ਆਪਣੇ-ਆਪ ਹੀ ਘਟ ਜਾਂਦੀ ਹੈ। ਮਰੀਜ਼ ਦੀਆਂ ਅਲਾਮਤਾਂ ਸੁਣ ਕੇ, ਚੰਗੀ ਤਰ੍ਹਾਂ ਜਾਂਚ ਕਰਕੇ ਉਸ ਦੀ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ। ਫਿਰ ਦਵਾਈ ਪਿਲਾ ਕੇ ਐਕਸ-ਰੇ ਕਰਕੇ ਅਲਸਰ ਦਾ ਪਤਾ ਲੱਗ ਜਾਂਦਾ ਹੈ।"**

ਇਨਸਾਨ ਦਿਨ-ਬ-ਦਿਨ ਸੋਚਾਂ-ਵਿਚਾਰਾਂ ਵਿਚ ਘਿਰਿਆ ਹੋਇਆ ਹੈ। ਉਸ ਨੂੰ ਹਰ ਵੇਲੇ ਕੋਈ ਨਾ ਕੋਈ ਚਿੰਤਾ ਰਹਿੰਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨਾਲ ਉਹ ਮਾਨਸਿਕ ਤਣਾਅ ਵਿਚ ਆ ਜਾਂਦਾ ਹੈ। ਇਸ ਹਾਲਤ ਵਿਚ ਉਹ ਬਹੁਤ ਥੋੜ੍ਹੀ ਮਿਹਨਤ ਕਰਕੇ ਦੁਨੀਆ ਦੀ ਦੌੜ 'ਚੋਂ ਅੱਗੇ ਨਿਕਲਣਾ ਚਾਹੁੰਦਾ ਹੈ।

ਪ੍ਰਾਪਤੀ ਨਾ ਹੋਣ ਕਰਕੇ ਉਹ ਮਾਯੂਸੀ ਜਾਂ ਮਾਨਸਿਕ ਚਿੰਤਾ ਦਾ ਸ਼ਿਕਾਰ ਹੋ ਜਾਂਦਾ ਹੈ। ਸਾਡੇ ਪੇਟ ਦੀਆਂ ਅੰਤੜੀਆਂ ਵਿਚ ਕਈ ਤਰ੍ਹਾਂ ਦੇ ਰਸ ਤੇ ਤਰਲ ਪਦਾਰਥ ਨਿਕਲਦੇ ਹਨ, ਜੋ ਕਿ ਸਾਡੇ ਭੋਜਨ ਨੂੰ ਹਜ਼ਮ ਕਰਨ ਵਿਚ ਮਦਦ ਕਰਦੇ ਹਨ। ਜਦੋਂ ਅਸੀਂ ਮਾਨਸਿਕ ਤਣਾਅ ਜਾਂ ਚਿੰਤਾ ਵਿਚ ਹੁੰਦੇ ਹਾਂ ਤਾਂ ਤੇਜ਼ਾਬੀ ਮਾਦਾ ਬਹੁਤ ਮਾਤਰਾ ਵਿਚ ਨਿਕਲਦਾ ਹੈ, ਜੋ ਕਿ ਸਾਡੀ ਪੇਟ ਤੇ ਅੰਤੜੀਆਂ ਦੀ ਅੰਦਰਲੀ ਝਿੱਲੀ, ਜੋ ਕਿ ਸਾਡੇ ਪੇਟ ਵਿਚ ਨਰਮ ਹੁੰਦੀ ਹੈ, ਉਸ ਨੂੰ ਸਾੜ ਦਿੰਦਾ ਹੈ। ਹੌਲੀ-ਹੌਲੀ ਅੰਦਰਲੀ ਝਿੱਲੀ ਵਿਚ ਜ਼ਖਮ ਹੋ ਜਾਂਦੇ ਹਨ। ਇਹ ਜ਼ਖਮ ਆਮ ਤੌਰ 'ਤੇ ਜਦੋਂ ਭੋਜਨ ਵਾਲੀ ਨਾਲੀ ਦੇ ਹੇਠਲੇ ਹਿੱਸੇ, ਪੇਟ ਦੀ ਸ਼ੁਰੂਆਤ ਵਿਚ ਹੁੰਦੇ ਹਨ ਤਾਂ ਜਾਂ ਇਹ ਪੇਟ ਦੇ ਮਿਹਦੇ ਤੇ ਅੰਤੜੀ ਵਿਚ ਹੁੰਦੇ ਹਨ, ਜਿਨ੍ਹਾਂ ਨੂੰ ਕ੍ਰਮਵਾਰ ਡਿਊਡੈਨਲ ਅਲਸਰ ਕਿਹਾ ਜਾਂਦਾ ਹੈ।

**ਅਲਸਰ ਦੀਆਂ ਅਲਾਮਤਾਂ** : ਪੇਟ ਵਿਚ ਅਲਸਰ ਹੋਵੇ ਤਾਂ ਦਰਦ ਖਾਣਾ ਖਾਣ ਤੋਂ ਦੋ ਘੰਟੇ ਬਾਅਦ ਸ਼ੁਰੂ ਹੁੰਦੀ ਹੈ। ਹੌਲੀ-ਹੌਲੀ ਇਹ ਦਰਦ ਇਕ-ਦੋ ਘੰਟੇ ਬਾਅਦ ਘਟ ਜਾਂਦੀ ਹੈ। ਸਿੱਧੀ ਪਿੱਛੇ ਪਿੱਠ ਵੱਲ ਜਾਂਦੀ ਹੈ। ਪੇਟ ਵਿਚ ਦਰਦ ਖਾਣਾ ਖਾਣ ਤੋਂ ਅੱਧਾ ਘੰਟਾ ਬਾਅਦ ਸ਼ੁਰੂ ਹੁੰਦੀ ਹੈ। ਦਰਦ ਸਦਾ ਧੁੰਨੀ ਦੇ ਆਸੇ-ਪਾਸੇ ਹੀ ਰਹਿੰਦੀ ਹੈ। ਹੌਲੀ-ਹੌਲੀ ਇਹ ਦਰਦ ਆਪਣੇ-ਆਪ ਹੀ ਘਟ ਜਾਂਦੀ ਹੈ। ਮਰੀਜ਼ ਦੀਆਂ ਅਲਾਮਤਾਂ ਸੁਣ ਕੇ, ਚੰਗੀ ਤਰ੍ਹਾਂ ਜਾਂਚ ਕਰਕੇ ਉਸ ਦੀ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ। ਫਿਰ ਦਵਾਈ ਪਿਲਾ ਕੇ ਐਕਸ-ਰੇ ਕਰਕੇ ਅਲਸਰ ਦਾ ਪਤਾ ਲੱਗ ਜਾਂਦਾ ਹੈ।

**ਅਲਸਰ ਦੇ ਕਾਰਨ** : ਜੋ ਲੋਕ ਕਿਸੇ ਕਾਰਨ ਕਰਕੇ ਖ਼ੂਨ ਦੀ ਕਮੀ (ਅਨੀਮੀਆ) ਦਾ ਸ਼ਿਕਾਰ ਹੋ ਜਾਂਦੇ ਹਨ, ਉਨ੍ਹਾਂ ਵਿਚ ਤੇਜ਼ਾਬੀ ਮਾਦਾ ਬਹੁਤ ਵਧ ਜਾਂਦਾ ਹੈ। ਇਹ ਤੱਤ ਅਲਸਰ ਪੈਦਾ ਕਰਦੇ ਹਨ। ਕੁਝ ਖਾਸ ਕਿਸਮ ਦੀਆਂ ਦਵਾਈਆਂ ਜਾਂ ਤੇਜ਼ ਦਰਦ ਨਿਵਾਰਕ (ਪੇਨ ਕਿੱਲਰ) ਖਾਣ ਨਾਲ ਅੰਦਰਲੀ ਝਿੱਲੀ ਦੀ ਬਰਦਾਸ਼ਤ ਮਾਤਰਾ ਖਤਮ ਹੋ ਜਾਂਦੀ ਹੈ। ਜ਼ਿਆਦਾ ਸ਼ਰਾਬ ਪੀਣ ਕਰਕੇ, ਜ਼ਿਆਦਾ ਸਿਗਰਟਨੋਸ਼ੀ, ਤੇਜ਼ ਮਸਾਲੇਦਾਰ ਭੋਜਨ, ਬੇਵਕਤ ਖਾਣਾ ਖਾਣ ਕਰਕੇ ਇਸ ਬਿਮਾਰੀ 'ਚ ਜਲਦੀ ਵਾਧਾ ਹੁੰਦਾ ਹੈ, ਪੇਟ ਵਿਚ ਜਲਦੀ ਜ਼ਖ਼ਮ ਹੋ ਜਾਂਦੇ ਹਨ।

**ਅਲਸਰ ਦਾ ਇਲਾਜ** : ਇਲਾਜ ਵਿਚ ਦੇਰੀ ਨੁਕਸਾਨਦੇਹ ਹੈ। ਜੇਕਰ ਅਲਸਰ 'ਚੋਂ ਖ਼ੂਨ ਵਗ ਰਿਹਾ ਹੈ ਤਾਂ ਪਹਿਲਾਂ ਖ਼ੂਨ ਰੋਕਿਆ ਜਾਂਦਾ ਹੈ। ਮਰੀਜ਼ ਖੁਰਾਕ ਵਿਚ ਤੇਜ਼ ਮਸਾਲੇ, ਸ਼ਰਾਬ, ਸਿਗਰਟ ਪੀਣਾ ਬੰਦ ਕਰ ਦੇਵੇ। ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਰਦ ਨਿਵਾਰਕ ਗੋਲੀ ਨਾ ਖਾਓ। ਇਲਾਜ ਦੇ ਨਾਲ ਮਰੀਜ਼ ਨੂੰ ਕੁਝ ਖਾਸ ਹਦਾਇਤਾਂ ਵੀ ਜ਼ਰੂਰੀ ਹਨ, ਕਿਉਂਕਿ ਜੋ ਮਰੀਜ਼ ਚਿੰਤਾ, ਮਾਨਸਿਕ ਤਣਾਅ ਜਾਂ ਚਿੜਚਿੜਾਪਨ ਨਹੀਂ ਛੱਡੇਗਾ, ਉਸ ਦੇ ਓਨਾ ਹੀ ਤੇਜ਼ਾਬੀ ਮਾਦਾ ਜ਼ਿਆਦਾ ਨਿਕਲਣ ਨਾਲ ਅਲਸਰ ਤੋਂ ਆਰਾਮ ਘੱਟ ਆਵੇਗਾ। ਮਰੀਜ਼ ਨੂੰ ਪਹਿਲਾਂ ਹੀ ਇਹ ਗੱਲ ਸੋਚ ਲੈਣੀ ਚਾਹੀਦੀ ਹੈ ਕਿ ਇਸ ਬਿਮਾਰੀ ਨੇ ਹੌਲੀ-ਹੌਲੀ ਠੀਕ ਹੋਣਾ ਹੈ। ਥੋੜ੍ਹੀ ਦਵਾਈ ਜ਼ਿਆਦਾ ਲੰਮਾ ਸਮਾਂ ਖਾ ਕੇ ਅਲਸਰ ਰੋਗ ਦਾ ਜੜ੍ਹ ਤੋਂ ਖਾਤਮਾ ਕੀਤਾ ਜਾ ਸਕਦਾ ਹੈ।

# LIST OF LOBANA SEWAK MEMEBRS OF BMSL FOUNDATION, CHANDIGARH

| Sr. No. | Name & Address | Receipt No. | Date | Amount |
|---|---|---|---|---|
| 1. | S. DALJIT SINGH S/O<br>S. RAWEL SINGH<br>V & P.O.-BHUREWAL,<br>TEH.-NARIANGARH,<br>DISTT-AMBALA 134203 | H-7820 | 08/10/15 | 1100/- |
| 2. | SUBEDAR YASHPAL SINGH<br>S/O S. AMAR SINGH<br>VILL.-SARAWAN, THE.-<br>SIDHWAN BILASPUR<br>DISTT-YAMUNANAGAR (HRY.)-133206 | H-7819 | 08/10/15 | 1100/- |
| 3. | S. JASWANT SINGH S/O<br>S. WARYAM SINGH<br>A-570, RANJIT AVENUE, AMRITSAR | J-8154 | 11/10/15 | 1100/- |
| 4. | S. MANJIT SINGH JE, S/O<br>S. BAKHTAWAR SINGH<br># 262, SHAKTI NAGAR, NEAR<br>POWER HOUSE CHOWNK,<br>KHANDWALA GT ROAD,<br>CHHEHARATA, AMRITSAR | J-8155 | 11/10/15 | 1100/- |
| 5. | S. NARINDER SINGH S/O<br>S. AJIT SINGH<br># 221, SHAKTI NAGAR, NEAR<br>POWER HOUSE CHOWNK,<br>KHANDWALA GT ROAD<br>CHHEHARATA, AMRITSAR | J-8156 | 11/10/15 | 1100/- |
| 6. | CAPT. RAJINDER SINGH<br>S/O S. MAN SINGH<br># 1636, HIG FLAT, PAHSE-9<br>SECTOR-63, MOHALI | J-8158 | 11/10/15 | 1100/- |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ 'ਗੁਰੂ ਲਾਧੋ ਰੇ' ਦਿਵਸ ਤੇ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗੀਰ ਸਿੰਘ<br>ਮਕਾਨ ਨੰ.-2074, ਫੇਸ-10, ਮੋਹਾਲੀ | 1100/- | ਐਚ-9804 | 02-10-2015 |
| 2. | ਸ. ਗੁਰਮੀਤ ਸਿੰਘ ਐਸ.ਈ. (ਰਿਟਾ.)<br>ਮਕਾਨ ਨੰ.-2046, ਫੇਸ-10, ਮੋਹਾਲੀ | 1000/- | ਐਚ-9805 | 02-10-2015 |
| 3. | ਬੀਬੀ ਜਸਵੰਤ ਕੌਰ<br>ਮਕਾਨ ਨੰ.-1234, ਫੇਸ-10, ਮੋਹਾਲੀ | 1100/- | ਐਚ-9806 | 02-10-2015 |
| 4. | ਸ. ਕੇਹਰ ਸਿੰਘ<br>ਮਕਾਨ ਨੰ.-824, ਫੇਸ-10, ਮੋਹਾਲੀ | 500/- | ਐਚ-9807 | 02-10-2015 |
| 6. | ਸ. ਜਗੀਰ ਸਿੰਘ<br>ਮਕਾਨ ਨੰ.-822, ਫੇਸ-10, ਮੋਹਾਲੀ | 500/- | ਐਚ-9808 | 02-10-2015 |
| 7. | ਸ. ਮਨਜੀਤ ਸਿੰਘ<br>ਮਕਾਨ ਨੰ.-572, ਫੇਸ-10, ਮੋਹਾਲੀ | 500/- | ਐਚ-9809 | 02-10-2015 |
| 8. | ਸ. ਸੁਰਿੰਦਰ ਸਿੰਘ<br>ਮਕਾਨ ਨੰ.-527, ਫੇਸ-10, ਮੋਹਾਲੀ | 2100/- | ਐਚ-9810 | 02-10-2015 |
| 8. | ਸ. ਮਸਤਾਨ ਸਿੰਘ<br>ਮਕਾਨ ਨੰ.-594, ਫੇਸ-10, ਮੋਹਾਲੀ | 200/- | ਐਚ-9811 | 02-10-2015 |
| 9. | ਸ. ਬਲਬੀਰ ਸਿੰਘ ਪੇਲੀਆ<br>ਮਕਾਨ ਨੰ-307, ਫੇਸ-11, ਮੋਹਾਲੀ | 1100/- | ਐਚ-9814 | 03-10-2015 |
| 10. | ਸ. ਜੀ.ਐਸ. ਘੋਤੜਾ<br>ਮਕਾਨ ਨੰ.-4626, ਸੈਕਟਰ-70, ਮੋਹਾਲੀ | 1100/- | ਐਚ-6410 | 03-10-2015 |
| 11. | ਕੈਪ. ਰੂਪ ਸਿੰਘ<br>ਮਕਾਨ ਨੰ.-447, ਫੇਸ-10, ਮੋਹਾਲੀ | 1000/- | ਐਚ-6411 | 03-10-2015 |
| 12. | ਮੇਜਰ ਐਨ.ਐਸ. ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 5100/- | ਐਚ-6412 | 03-10-2015 |
| 9. | ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3-ਬੀ-1, ਮੋਹਾਲੀ | 2100/- | ਐਚ-7573 | 09-10-2015 |
| 10. | ਸ. ਸੇਵਾ ਸਿੰਘ<br>ਮਕਾਨ ਨੰ.-437, ਗਲੀ ਨੰ.-3, ਵਾਰਡ ਨੰ.-15,<br>ਰੰਧਾਵਾ ਕਲੋਨੀ, ਮੁਕੇਰੀਆਂ, ਜ਼ਿਲ੍ਹਾ-ਹੁਸ਼ਿਆਰਪੁਰ | 2100/- | ਐਚ-7574 | 09-10-2015 |
| 11. | ਸ. ਹਰਨਾਮ ਸਿੰਘ ਐਕਸ.ਈ.ਐਨ. (ਰਿਟਾ.)<br>ਮਕਾਨ ਨੰ.-698, ਫੇਸ-10, ਮੋਹਾਲੀ | 500/- | ਐਚ-7575 | 09-10-2015 |

| | | | | |
|---|---|---|---|---|
| 12. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 5100/- | ਐਚ-7576 | 10-10-2015 |
| 13. | ਗੁਪਤ ਦਾਨ | 1100/- | ਐਚ-7577 | 10-10-2015 |
| 14. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | 5100/- | ਐਚ-9815 | 10-10-2015 |
| 15. | ਸ. ਤਰਨਬੀਰ ਸਿੰਘ ਸਪੁੱਤਰ<br>ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | 1000/- | ਐਚ-9816 | 10-10-2015 |
| 16. | ਜਥੇਦਾਰ ਤਾਰਾ ਸਿੰਘ<br>ਪਿੰਡ-ਤਲਵੰਡੀ ਸਲਾ, ਨੇੜੇ ਟਾਂਡਾ ਉਰਮਰ, ਜ਼ਿਲ੍ਹਾ-ਹੁਸ਼ਿਆਰਪੁਰ | 2000/- | ਐਚ-9817 | 10-10-2015 |
| 17. | ਸ. ਦਲੀਪ ਸਿੰਘ ਮੁਲਤਾਨੀ<br>ਮਕਾਨ ਨੰ.-2214, ਫੇਸ-10, ਮੋਹਾਲੀ | 1100/- | ਐਚ-9818 | 10-10-2015 |
| 18. | ਗਿਆਨੀ ਮਲਕੀਤ ਸਿੰਘ<br>ਮਕਾਨ ਨੰ.-1134, ਪਿੰਡ-ਡੱਲਾ, ਡਾ.-ਬਹਿਰਾਮਪੁਰ, ਰੋਪੜ | 500/- | ਐਚ-9819 | 11-10-2015 |
| 19. | ਸ. ਦੇਵਪ੍ਰੀਤ ਸਿੰਘ ਸਪੁੱਤਰ ਸ. ਸਮਸੇਰ ਸਿੰਘ<br>ਪਿੰਡ-ਖੋਖਰਾਂ, ਜ਼ਿਲ੍ਹਾ- ਰੋਪੜ | 500/- | ਐਚ-9820 | 11-10-2015 |
| 20. | ਯੋਗੇਸ਼ ਕੁਮਾਰ ਰਾਵਤ<br>ਮਾਰਫਤ ਯੂਨੀਵਰਸਿਟੀ ਕੰਪਲੈਕਸ | 2100/- | ਐਚ-6413 | 11-10-2015 |
| 21. | ਸ. ਹਰਭਜਨ ਸਿੰਘ<br>ਡੀ.ਆਈ.ਜੀ. (ਰਿਟਾ.) ਜ਼ੀਰਕਪੁਰ | 500/- | ਐਚ-6415 | 11-10-2015 |
| 22. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-7578 | 11-10-2015 |
| 23. | ਕੈਪ. ਜਗਤਾਰ ਸਿੰਘ (ਰਿਟਾ.)<br>ਮਕਾਨ ਨੰ.-5318/3, ਮਦਨ ਕੰਪਲੈਕਸ, ਨਰਾਇਣਗੜ੍ਹ | 100/- | ਐਚ-7579 | 11-10-2015 |
| 24. | ਸ. ਜੋਗਿੰਦਰ ਸਿੰਘ, ਨਰਾਇਣਗੜ੍ਹ | 100/- | ਐਚ-7580 | 11-10-2015 |
| 25. | ਸ. ਕੁਲਵਿੰਦਰ ਸਿੰਘ, ਨਰਾਇਣਗੜ੍ਹ | 100/- | ਐਚ-7581 | 11-10-2015 |
| 26. | ਸ. ਤਰਲੋਕ ਸਿੰਘ ਨਰਾਇਣਗੜ੍ਹ | 100/- | ਐਚ-7582 | 11-10-2015 |
| 27. | ਕਰਨਲ ਕੇ.ਡੀ. ਸਿੰਘ, ਜ਼ੀਰਕਪੁਰ | 1100/- | ਐਚ-7583 | 11-10-2015 |
| 28. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ ,ਚੰਡੀਗੜ੍ਹ | 200/- | ਐਚ -7584 | 11-10-2015 |
| 27. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 5000/- | ਐਚ-7585 | 11-10-2015 |
| 28. | ਗੁਰਦੁਆਰਾ ਸਾਹਿਬ ਸਿੰਘ ਸਭਾ, ਪੰਜੋਖ਼ਰਾ/ਪੰਜੋੜੀ (ਅੰਬਾਲਾ) | 2100/- | ਐਚ-7586 | 11-10-2015 |
| 29. | ਸ. ਤਰਲੋਕ ਸਿੰਘ<br>ਬ੍ਰਾਹਮਣ ਮਾਜਰਾ, ਨਰਾਇਣਗੜ੍ਹ | 100/- | ਐਚ-7587 | 11-10-2015 |

| | | | | |
|---|---|---|---|---|
| 30. | ਸ. ਰਵਿੰਦਰ ਸਿੰਘ ਅਤੇ ਸ. ਪਰਮਿੰਦਰ ਸਿੰਘ<br>ਪਿੰਡ-ਲੋਟਨ, ਅੰਬਾਲਾ | 100/- | ਐਚ-7588 | 11-10-2015 |
| 31. | ਸ. ਬਲਕਾਰ ਸਿੰਘ, ਪਿੰਡ-ਸਰਾਵਾਂ (ਯਮੁਨਾਨਗਰ) | 101/- | ਐਚ-7589 | 11-10-2015 |
| 32. | ਸ. ਖੋਸਨ ਸਿੰਘ, ਪਿੰਡ-ਲੋਟਨ, ਨਰਾਇਣਗੜ੍ਹ | 50/- | ਐਚ-7590 | 11-10-2015 |
| 33. | ਸ. ਕਾਬੁਲ ਸਿੰਘ, ਪਿੰਡ-ਸਰਾਵਾਂ (ਯਮੁਨਾਨਗਰ) | 50/- | ਐਚ-7591 | 11-10-2015 |
| 34. | ਬੀਬੀ ਗੁਰਬਚਨ ਕੌਰ, ਪਿੰਡ-ਸਰਾਵਾਂ (ਯਮੁਨਾਨਗਰ) | 50/- | ਐਚ-7592 | 11-10-2015 |
| 35. | ਸ. ਰਣਜੀਤ ਸਿੰਘ<br>ਮਕਾਨ ਨੰ.-266, ਸੈਕਟਰ-71, ਮੋਹਾਲੀ | 100/- | ਐਚ-7593 | 11-10-2015 |
| 36. | ਸ. ਕੇਹਰ ਸਿੰਘ, ਪਿੰਡ-ਪੰਜੋੜੀ, ਨਰਾਇਣਗੜ੍ਹ | 500/- | ਐਚ-7594 | 11-10-2015 |
| 37. | ਸ. ਭਜਨ ਸਿੰਘ, ਪਿੰਡ-ਭੂਰੇਵਾਲਾ, ਨਰਾਇਣਗੜ੍ਹ | 100/- | ਐਚ-7595 | 11-10-2015 |
| 38. | ਸ. ਪਰਮਜੀਤ ਸਿੰਘ ਪਿੰਡ-ਭੂਰੇਵਾਲਾ, ਨਰਾਇਣਗੜ੍ਹ | 100/- | ਐਚ-7596 | 11-10-2015 |
| 39. | ਸ. ਹਰਭਜਨ ਸਿੰਘ, ਡਿਪਟੀ ਚੀਫ ਇੰਜੀ. (ਰਿਟਾ.)<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 5000/- | ਐਚ-7597 | 11-10-2015 |
| 40. | ਸ. ਸੁਰਿੰਦਰ ਸਿੰਘ, ਸੈਕਟਰ-47 ਸੀ, ਚੰਡੀਗੜ੍ਹ | 200/- | ਐਚ-7598 | 11-10-2015 |
| 41. | ਸ. ਹਰਨਾਮ ਸਿੰਘ, ਪਿੰਡ-ਭੂਰੇਵਾਲਾ, ਨਰਾਇਣਗੜ੍ਹ | 100/- | ਐਚ-7599 | 11-10-2015 |
| 42. | ਸ. ਸੁਰਜੀਤ ਸਿੰਘ ਐਡਵੋਕੇਟ, ਕੈਥਲ | 500/- | ਐਚ-7600 | 11-10-2015 |
| 43. | ਸ. ਬਖਤਾਵਰ ਸਿੰਘ | 1100/- | ਐਚ-7602 | 11-10-2015 |
| 44. | ਸ. ਸੁਖਵਿੰਦਰ ਸਿੰਘ ਸਪੁੱਤਰ ਸ. ਅਮਰੀਕ ਸਿੰਘ<br>ਪਿੰਡ-ਸੈਨ ਮਾਜਰਾ, ਤਹਿਸੀਲ-ਨਰਾਇਣਗੜ੍ਹ | 1100/- | ਐਚ-7604 | 11-10-2015 |
| 45. | ਸੂਬੇਦਾਰ ਪਰਮਜੀਤ ਸਿੰਘ<br>ਪਿੰਡ-ਭੂਰੇਵਾਲ, ਨਰਾਇਣਗੜ੍ਹ | 500/- | ਐਚ-7605 | 11-10-2015 |
| 46. | ਸ. ਮਨਿੰਦਰ ਸਿੰਘ, ਪਿੰਡ-ਲੋਟਨ, ਨਰਾਇਣਗੜ੍ਹ | 100/- | ਐਚ-7606 | 11-10-2015 |
| 47. | ਸ. ਸੁਰਿੰਦਰ ਸਿੰਘ<br>ਮਕਾਨ ਨੰ.-1085, ਫੇਸ-10, ਮੋਹਾਲੀ | 1100/- | ਐਚ-7607 | 11-10-2015 |
| 48. | ਸ. ਭੋਲਾ ਸਿੰਘ<br>ਪਿੰਡ-ਬ੍ਰਹਮਣ ਮਾਜਰਾ, ਨਰਾਇਣਗੜ੍ਹ | 100/- | ਐਚ-7608 | 11-10-2015 |
| 49. | ਸ. ਅਮਰਜੀਤ ਸਿੰਘ, ਪਿੰਡ-ਸਰਾਵਾਂ, ਯਮੁਨਾਨਗਰ | 100/- | ਐਚ-7609 | 11-10-2015 |
| 50. | ਕੈਪ. ਰਾਜਿੰਦਰ ਸਿੰਘ<br>ਮਕਾਨ ਨੰ.-96, ਸੈਕਟਰ-10, ਚੰਡੀਗੜ੍ਹ | 1100/- | ਐਚ-7610 | 11-10-2015 |
| 51. | ਸ. ਰਾਜਿੰਦਰਪਾਲ ਸਿੰਘ, ਸੈਕਟਰ-24, ਚੰਡੀਗੜ੍ਹ | 500/- | ਐਚ-7611 | 11-10-2015 |
| 52. | ਸ. ਜਸਕਰਨ ਸਿੰਘ, ਸਪੁੱਤਰ ਸ. ਪ੍ਰਿਤਪਾਲ ਸਿੰਘ<br>ਪਿੰਡ-ਸਰਾਵਾਂ (ਯਮੁਨਾਨਗਰ) | 100/- | ਐਚ-7612 | 11-10-2015 |
| 53. | ਸ. ਪ੍ਰਭਜੋਤ ਸਿੰਘ ਸਪੁੱਤਰ ਸ. ਯਸਪਾਲ ਸਿੰਘ<br>ਪਿੰਡ-ਸਰਾਵਾਂ (ਯਮੁਨਾਨਗਰ) | 100/- | ਐਚ-7613 | 11-10-2015 |
| 54. | ਸ. ਅਮਰਜੋਤ ਸਿੰਘ ਪਿੰਡ-ਸਰਾਵਾਂ (ਯਮੁਨਾਨਗਰ) | 100/- | ਐਚ-7614 | 11-10-2015 |

| | | | | |
|---|---|---|---|---|
| 55. | ਸ.ਐਨ.ਪੀ.ਸਿੰਘ,ਸੈਕਟਰ-48,ਚੰਡੀਗੜ੍ਹ | 300/- | ਐਚ-7615 | 11-10-2015 |
| 56. | ਸ.ਨਰਪਿੰਦਰ ਸਿੰਘ<br>ਮਕਾਨ ਨੰ.-957,ਫੇਸ-10,ਮੋਹਾਲੀ | 100/- | ਐਚ-7616 | 11-10-2015 |
| 57. | ਸ.ਰਾਜਪਾਲ ਸਿੰਘ<br>ਮਕਾਨ ਨੰ.-43,ਐਨ.ਏ.ਸੀ.,ਮਨੀਮਾਜਰਾ | 500/- | ਐਚ-7617 | 11-10-2015 |
| 58. | ਸ.ਜਸਬੀਰ ਸਿੰਘ<br>ਮਕਾਨ ਨੰ.-2218 ਏ,ਸੈਕਟਰ-42 ਸੀ,ਚੰਡੀਗੜ੍ਹ | 500/- | ਐਚ-7619 | 11-10-2015 |
| 59. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ.-114,ਸੈਕਟਰ-33 ਏ,ਚੰਡੀਗੜ੍ਹ | 500/- | ਐਚ-7620 | 11-10-2015 |
| 60. | ਕਰਨਲ ਮੱਖਣ ਸਿੰਘ<br>ਮਕਾਨ ਨੰ.-2094,ਫੇਸ-7,ਮੋਹਾਲੀ | 500/- | ਐਚ-7621 | 11-10-2015 |
| 61. | ਬੀਬੀ ਕੁਲਵੰਤ ਕੌਰ<br>ਮਕਾਨ ਨੰ.-1747,ਫੇਸ-7,ਮੋਹਾਲੀ | 500/- | ਐਚ-7622 | 11-10-2015 |
| 62. | ਸ.ਹਰਿੰਦਰ ਸਿੰਘ,ਮੋਹਾਲੀ | 500/- | ਐਚ-7623 | 11-10-2015 |
| 63. | ਕੈਪ.ਕਾਬਲ ਸਿੰਘ (ਰਿਟਾ.)<br>ਮਕਾਨ ਨੰ.-181,ਵਿਵੇਕਾਨੰਦ ਪਾਰਕ,<br>ਮਕਸੂਦਾ,ਜਲੰਧਰ | 1000/- | ਐਚ-7624 | 11-10-2015 |
| 64. | ਸ.ਜਗੀਰ ਸਿੰਘ<br>ਮਕਾਨ ਨੰ.-2258/2,ਸੈਕਟਰ-45 ਸੀ,ਚੰਡੀਗੜ੍ਹ | 200/- | ਐਚ-7625 | 11-10-2015 |
| 65. | ਸ.ਲਖਵਿੰਦਰ ਸਿੰਘ ਖਾਲਸਾ<br>ਮਕਾਨ ਨੰ.-244/1,ਸੈਕਟਰ-55,ਚੰਡੀਗੜ੍ਹ | 100/- | ਐਚ-7626 | 11-10-2015 |
| 66. | ਬੀਬੀ ਬਲਵਿੰਦਰ ਕੌਰ<br>ਮਕਾਨ ਨੰ.-34,ਸੈਕਟਰ-30,ਚੰਡੀਗੜ੍ਹ | 50/- | ਐਚ-7627 | 11-10-2015 |
| 67. | ਸ.ਜਸਵੰਤ ਸਿੰਘ,ਚੰਡੀਗੜ੍ਹ | 50/- | ਐਚ-7629 | 11-10-2015 |
| 68. | ਸ.ਰਮਿੰਦਰ ਸਿੰਘ<br>ਮਕਾਨ ਨੰ.-117,ਸੈਕਟਰ-35 ਏ,ਚੰਡੀਗੜ੍ਹ | 1100/- | ਐਚ-7630 | 11-10-2015 |
| 69. | ਕੈਪ.ਗੁਰਨਾਮ ਸਿੰਘ,ਅੰਬਾਲਾ ਸ਼ਹਿਰ | 100/- | ਐਚ-7631 | 11-10-2015 |
| 70. | ਸ.ਗੁਰਦਿਆਲ ਸਿੰਘ<br>ਮਕਾਨ ਨੰ.-259/1,<br>ਨਿਊ ਵਿਟਾ ਐਨਕਲੇਵ,ਅੰਬਾਲਾ | 11000/- | ਐਚ-7632 | 11-10-2015 |
| 71. | ਸ.ਇੰਦਰਜੀਤ ਸਿੰਘ,ਫੇਸ-11,ਮੋਹਾਲੀ | 500/- | ਐਚ-7633 | 11-10-2015 |
| 72. | ਕੈਪ.ਗੁਰਦੀਪ ਸਿੰਘ (ਰਿਟਾ.)<br>ਮਕਾਨ ਨੰ.-62,ਸੈਕਟਰ-71,ਮੋਹਾਲੀ | 500/- | ਐਚ-7634 | 11-10-2015 |
| 73. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62,ਸੈਕਟਰ-71,ਮੋਹਾਲੀ | 500/- | ਐਚ-7635 | 11-10-2015 |

| | | | | |
|---|---|---|---|---|
| 74. | ਸ. ਮਸਤਾਨ ਸਿੰਘ<br>ਪਿੰਡ-ਕੋੜਵਾਂ ਕਲਾਂ, ਜ਼ਿਲ੍ਹਾ-ਅੰਬਾਲਾ | 5000/- | ਐਚ-7636 | 11-10-2015 |
| 75. | ਸ. ਵਿਕਰਮ ਸਿੰਘ ਸਪੁੱਤਰ ਸ. ਪਰਤਾਪ ਸਿੰਘ<br>ਫੇਸ-11, ਮੋਹਾਲੀ | 500/- | ਐਚ-7637 | 11-10-2015 |
| 76. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ,<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 500/- | ਐਚ-7638 | 11-10-2015 |
| 77. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 2100/- | ਐਚ-7639 | 11-10-2015 |
| 78. | ਸ. ਕੁਲਦੀਪ ਸਿੰਘ<br>ਪਿੰਡ-ਸਰਾਵਾਂ, ਜ਼ਿਲ੍ਹਾ-ਯਮੁਨਾ ਨਗਰ | 100/- | ਐਚ-7640 | 11-10-2015 |
| 79. | ਸ. ਦਰਸ਼ਨ ਸਿੰਘ<br>ਮਕਾਨ ਨੰ.-1204, ਸੈਕਟਰ-22 ਬੀ, ਚੰਡੀਗੜ੍ਹ | 500/- | ਐਚ-7641 | 11-10-2015 |
| 80. | ਸ. ਜਗੀਰ ਸਿੰਘ ਲਾਲੀਆ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-7642 | 11-10-2015 |
| 81. | ਸ. ਹਰਜੀਤ ਸਿੰਘ<br>ਮਕਾਨ ਨੰ.-1440/15, ਸੈਕਟਰ-29, ਚੰਡੀਗੜ੍ਹ | 100/- | ਐਚ-7643 | 11-10-2015 |
| 82. | ਬੀਬੀ ਅਮਨਦੀਪ ਕੌਰ<br>ਮਕਾਨ ਨੰ.-1449/7, ਸੈਕਟਰ-29, ਚੰਡੀਗੜ੍ਹ | 105/- | ਐਚ-7644 | 11-10-2015 |
| 83. | ਸ. ਹਰੀ ਸਿੰਘ, ਚੰਡੀਗੜ੍ਹ | 100/- | ਐਚ-7645 | 11-10-2015 |
| 84. | ਸ. ਅੰਮ੍ਰਿਤਪ੍ਰੀਤ ਸਿੰਘ<br>ਮਕਾਨ ਨੰ.-1664, ਸੈਕਟਰ-40 ਬੀ, ਚੰਡੀਗੜ੍ਹ | 100/- | ਐਚ-7646 | 11-10-2015 |
| 85. | ਸ. ਸੁਖਵਿੰਦਰ ਸਿੰਘ ਪਿੰਡ-ਕੁਲਰਪੁਰ, ਨਰਾਇਣਗੜ੍ਹ | 200/- | ਐਚ-7647 | 11-10-2015 |
| 86. | ਕਾਕਾ ਰਣਜੀਤ ਸਿੰਘ, ਸੈਨ ਮਾਜਰਾ ਨਰਾਇਣਗੜ੍ਹ | 50/- | ਐਚ-7648 | 11-10-2015 |
| 87. | ਸ. ਸਵਰਨ ਸਿੰਘ ਨਰਾਇਣਗੜ੍ਹ | 100/- | ਐਚ-7649 | 11-10-2015 |
| 88. | ਸ. ਸੁਖਜੀਤ ਸਿੰਘ ਆਹਲੂਵਾਲੀਆ<br>ਵਾਲੀਆ ਪ੍ਰਿੰਟਿੰਗ ਪ੍ਰੈਸ, ਜਲੰਧਰ | 500/- | ਐਚ-7650 | 11-10-2015 |
| 89. | ਸ. ਪੂਰਨ ਸਿੰਘ<br>ਮਕਾਨ ਨੰ.-1733, ਸੈਕਟਰ-34, ਚੰਡੀਗੜ੍ਹ | 1000/- | ਐਚ-7651 | 11-10-2015 |
| 90. | ਸ. ਮਨਜੀਤ ਸਿੰਘ<br>ਮਕਾਨ ਨੰ.-629, ਫੇਸ-10, ਮੋਹਾਲੀ | 200/- | ਐਚ-7652 | 11-10-2015 |
| 91. | ਸ. ਮਨੀ ਸਿੰਘ, 82-ਐਲ, ਜਲੰਧਰ | 1100/- | ਐਚ-7653 | 11-10-2015 |
| 92. | ਸ. ਪਰਮਿੰਦਰਜੀਤ ਸਿੰਘ, ਜਲੰਧਰ | 1100/- | ਐਚ-7654 | 11-10-2015 |
| 93. | ਸ. ਹਿੰਮਤ ਸਿੰਘ<br>ਮਕਾਨ ਨੰ.-2051, ਸੈਕਟਰ-21 ਸੀ, ਚੰਡੀਗੜ੍ਹ | 2100/- | ਐਚ-7880 | 28-10-2015 |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-10-2015 ਤੋਂ 31-10-2015

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਲੈਫ. ਕਰਨਲ ਸੁਰਜੀਤ ਸਿੰਘ<br>ਮਕਾਨ ਨੰ.-63, ਡਿਫੈਂਸ ਕਲੋਨੀ, ਜਲੰਧਰ | 1000/- | ਐਚ-7566 | 01-10-2015 |
| 2. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 2100/- | ਐਚ-7569 | 03-10-2015 |
| 3. | ਸ. ਸੁਰਿੰਦਰ ਸਿੰਘ ਰੂਬੀ<br>ਮਕਾਨ ਨੰ.-16, ਗੁਰੂ ਗੋਬਿੰਦ ਸਿੰਘ ਐਵਨਯੂ,<br>ਜੀ. ਟੀ. ਰੋਡ, ਬਾਏ ਪਾਸ, ਜਲੰਧਰ | 500/- | ਐਚ-7571 | 04-10-2015 |
| 4. | ਬੀਬੀ ਰਾਜਜੀਤ ਕੌਰ ਸੁਪਤਨੀ<br>ਸਵਰਗਵਾਸੀ ਅਮਰੀਕ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ<br>(ਸਵ: ਅਮਰੀਕ ਸਿੰਘ ਦੀ ਪਹਿਲੀ ਬਰਸੀ ਦੇ ਮੌਕੇ ਤੇ) | 2100/- | ਐਚ-7821 | 08-10-2015 |
| 5. | ਬੀਬੀ ਵਿਦਿਆ ਕੌਰ ਸੁਪਤਨੀ<br>ਸ. ਭਗਵਾਨ ਸਿੰਘ ਲੁਧਿਆਣਾ | 500/- | ਐਚ-7826 | 12-10-2015 |
| 6. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 1100/- | ਐਚ-7655 | 12-10-2015 |
| 7. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-7658 | 17-10-2015 |
| 8. | ਮੇਜਰ ਨਿਰੰਜਨ ਸਿੰਘ ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 200/- | ਐਚ-7659 | 17-10-2015 |
| 9. | ਸ. ਹਰਦੇਵ ਸਿੰਘ<br>ਮਕਾਨ ਨੰ.-1747, ਫੇਸ-7, ਮੋਹਾਲੀ | 200/- | ਐਚ-7660 | 17-10-2015 |
| 10. | ਗੁਪਤ ਦਾਨ | 100/- | ਐਚ-7661 | 17-10-2015 |
| 11. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7662 | 17-10-2015 |
| 12. | ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.) | 500/- | ਐਚ-7663 | 17-10-2015 |
| 13. | ਬੀਬੀ ਬਲਬੀਰ ਕੌਰ | 100/- | ਐਚ-7664 | 17-10-2015 |
| 14. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2,<br>ਸੈਕਟਰ-47-ਸੀ, ਚੰਡੀਗੜ੍ਹ | 100/- | ਐਚ-7665 | 17-10-2015 |

| | | | | |
|---|---|---|---|---|
| 15. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ -7667 | 17-10-2015 |
| 16. | ਸ. ਜਗੀਰ ਸਿੰਘ ਲਾਲੀਆ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-7668 | 17-10-2015 |
| 17. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ),<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 200/- | ਐਚ-7669 | 17-10-2015 |
| 18. | ਸ. ਧਰਮਵੀਰ ਸਿੰਘ, ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7670 | 17-10-2015 |
| 19. | ਸ. ਰਾਜਿੰਦਰਪਾਲ ਸਿੰਘ, ਸੈਕਟਰ-24, ਚੰਡੀਗੜ੍ਹ | 200/- | ਐਚ-7671 | 17-10-2015 |
| 20. | ਸ. ਸੁਰਿੰਦਰ ਸਿੰਘ, ਸੈਕਟਰ-47, ਚੰਡੀਗੜ੍ਹ | 100/- | ਐਚ-7672 | 17-10-2015 |
| 21. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-7673 | 17-10-2015 |
| 22. | ਸ. ਇੰਦਰਜੀਤ ਸਿੰਘ ਭਗਤਾਨਾ | 100/- | ਐਚ-7674 | 17-10-2015 |
| 23. | ਸ. ਦਰਬਾਰਾ ਸਿੰਘ,<br>ਮਕਾਨ ਨੰ.-130, ਸੈਕਟਰ-46 ਏ, ਚੰਡੀਗੜ੍ਹ | 100/- | ਐਚ-7675 | 17-10-2015 |
| 24. | ਸ. ਮਨਹਰਪ੍ਰੀਤ ਸਿੰਘ ਏ.ਈ.ਈ.<br>ਓ.ਐਨ.ਜੀ.ਸੀ. ਦੇਹਰਾਦੂਨ | 500/- | ਐਚ-7676 | 17-10-2015 |
| 25. | ਬੀਬੀ ਜਸਮੀਤ ਕੌਰ<br>ਐਚ.ਡੀ.ਐਫ.ਸੀ. ਬੈਂਕ ਨਰਾਇਣਗੜ੍ਹ | 500/- | ਐਚ-7677 | 17-10-2015 |
| 26. | ਸ. ਚਰਨਜੀਤ ਸਿੰਘ<br>ਮਕਾਨ ਨੰ.-678, ਮੇਨ ਰੋਡ<br>ਨੇੜੇ ਗਲੀ ਨੰ.-1, ਕੋਟ ਮੰਗਲ ਸਿੰਘ, ਲੁਧਿਆਣਾ | 2100/- | ਐਚ-7678 | 24-10-2015 |
| 27. | ਡਾ. ਧੀਰਜ ਸਿੰਘ ਘੋਤੜਾ, ਘੋਤੜਾ ਹਸਪਤਾਲ<br>ਪਿੰਡ-ਬੇਗੋਵਾਲ, ਤਹਿਸੀਲ-ਭੁਲੱਥ,<br>ਜ਼ਿਲ੍ਹਾ-ਕਪੂਰਥਲਾ | 3100/- | ਐਚ-7679 | 27-10-2015 |

## ਮੋਬਾਇਲ ਲੈਬੋਰੇਟਰੀ - ਪ੍ਰਾਪਤ ਰਾਸ਼ੀ 3,62,800

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਇੰਜੀ. ਹਰਭਜਨ ਸਿੰਘ<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 20000/- | ਐਚ-7822 | 10-10-2015 |
| 2. | ਇੰਜੀ. ਹਰਭਜਨ ਸਿੰਘ<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 15000/- | ਐਚ-7823 | 11-10-2015 |
| 3. | ਇੰਜੀ. ਹਰਭਜਨ ਸਿੰਘ<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 15000/- | ਐਚ-7824 | 10-10-2015 |

| | | | | |
|---|---|---|---|---|
| 4. | ਇੰਜੀ. ਭਗਵਾਨ ਸਿੰਘ ਲੁਬਾਣਾ<br>ਮਕਾਨ ਨੰ.-187, ਹਰਦਿਆਲ ਨਗਰ, ਜਲੰਧਰ | 1100/- | ਐਚ-7825 | 12-10-2015 |

**ਲਿਫ਼ਟ ਫੰਡ - ਪਹਿਲਾਂ ਪ੍ਰਾਪਤ ਰਾਸ਼ੀ = 55000**

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਬੀਬੀ ਮੰਜੁਮਾਨ ਕੌਰ ਮੁਲਤਾਨੀ<br>ਮਕਾਨ ਨੰ.-114, ਸੈਕਟਰ-33 ਏ, ਚੰਡੀਗੜ੍ਹ | 1000/- | ਐਚ-7567 | 03-10-2015 |

# ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

ਸੰਪਾਦਕ ਭਗਵਾਨ ਸਿੰਘ ਲੁਬਾਣਾ,

ਮੋ. 98155-40240,

lubanabs@yahoo.co.in



**Sh. Sardara Singh Labana Chief Engr. (Retd.) at a palatial house of S. Satwinder Singh Multani S/o Namberdar Prem Singh in New Jersy (U.S.A)**



**Sh. Sardara Singh Labana Chief Engr. (Retd.) at a palatial house of S. Bajinder Singh Multani S/o S. Swaran Singh in New Jersy (U.S.A)**



**Sh. Sardara Singh Labana Chief Engr. (Retd.) with NRI members of Village-Tahli & Village-Balla at a party in Hotal palace New York Hosted in his honour**

Regd No. 32212/78

Postal No.-- CHD/0111/2015-17




Siropas were given to S. Sardara Singh Labana Chief Engineer Retd. (from india) and his friend S. Satvinder Singh Multani (new jersy) at Baba Makhan Shah Labana Sikh- center richmond hills new york on Sunday,the 27 Sep. 2015.

Standing left to right are -

1 . Raghbir Singh Sabhanpur president Akali Dal Badal new york state. 2. Sukhjinder Singh Sabhanpur chairman gurdwara. 3. Himmat Singh Sarpanch president gurdwara committee. 4 . Kuldeep Singh Khalsa general secy. 5. Satnam Singh Pahalwan President of Pahli-Balla Association. 6. Pritam-Singh Gilzian Akali Dal Badal. 7. Ranjit Singh Mehmad Pur vice



ਸ. ਸਰਦਾਰਾ ਸਿੰਘ ਚੀਫ਼ ਇੰਜੀ. (ਰਿਟਾ.) ਦੇ ਵਾਪਸ ਵਤਨ ਪਰਤਣ 'ਤੇ ਲੁਬਾਣਾ ਭਵਨ ਵਿਖੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਸ. ਗੁਰਚਰਨ ਸਿੰਘ ਜੀ ਅਤੇ ਹੋਰ ਕਾਰਜਕਾਰੀ ਮੈਂਬਰ